




ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਬੁੱਧਵਾਰ 30 ਅਗਸਤ 2023 ਮੁੱਖ ਸੰਪਾਦਕ - ਅਮਨ ਮਹਿਰਾ (ਜਲੰਧਰ)








R.N.I.Punpun/29016/2003 ❑ ਸਾਲ 15 ❑ ਅੰਕ : 173 ❑ ਮੁੱਲ ; 5.00 ਰੁਪਏ ❑ ਕੁੱਲ ਪੇਜ਼ 10 ❑ ਫੈਕਸ : 0181-2211009 ❑ ਫੈਕਸ : M 99155-94111


## ਫੌਜ ਨੂੰ ਤਿਆਰ ਰਹਿਣ ਨੂੰ ਕਿਹਾ ਉਤਰ ਕੋਰੀਆ ਦੇ ਮੰਤਰੀ ਨੇ

ਲੋਕ ਬਾਣੀ/ ਸਿਓਲ, 29 ਅਗਸਤ



ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਆਪਣੀ ਫੌਜ ਨੂੰ ਕਿਹਾ ਹੈ ਕਿ ਉਹ ਦੇਸ਼ 'ਤੇ ਹਮਲਾ ਹੋਣ 'ਤੇ ਵਿਰੋਧੀ ਦੇਸ਼ਾਂ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਕਰਨ ਲਈ ਹਮੇਸ਼ਾ ਤਿਆਰ ਰਹੇ। ਉੱਤਰੀ ਕੋਰੀਆ ਦੇ ਸਰਕਾਰੀ ਮੀਡੀਆ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਕਿਮ ਦਾ ਇਹ ਬਿਆਨ ਅਜਿਹੇ ਸਮੇਂ 'ਚ ਆਇਆ ਹੈ ਜਦੋਂ ਉੱਤਰੀ ਕੋਰੀਆ ਤੋਂ ਵਧਦੇ ਪਰਮਾਣੂ ਖਤਰਿਆਂ ਨਾਲ ਨਜਿੱਠਣ ਲਈ ਅਮਰੀਕਾ, ਦੱਖਣੀ ਕੋਰੀਆ ਅਤੇ ਜਾਪਾਨ ਨੇ ਤਿਕੋਣੀ ਜਲ ਸੈਨਾ ਅਭਿਆਸ ਕੀਤਾ।

## ਵੱਡੀ ਗਿਣਤੀ ਵਿੱਚ ਬਰਤਾਨੀਆ 'ਚ ਹਵਾਈ ਉਡਾਨਾਂ ਹੋਇਆ ਰੱਦ

ਲੋਕ ਬਾਣੀ/ ਬਰਤਾਨੀਆ, 29 ਅਗਸਤ



ਬਰਤਾਨੀਆ ਦੀ ਹਵਾਈ ਆਵਾਜਾਈ ਕੰਟਰੋਲ ਪ੍ਰਣਾਲੀ 'ਚ ਤਕਨੀਕੀ ਖ਼ਰਾਬੀ ਕਾਰਨ ਅੱਜ ਹਜ਼ਾਰਾਂ ਹਵਾਈ ਯਾਤਰੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਤਕਨੀਕੀ ਖਰਾਬੀ ਕਾਰਨ ਪੂਰੇ ਦੇਸ਼ 'ਚ ਜਹਾਜ਼ਾਂ ਦੀ ਆਵਾਜਾਈ ਪ੍ਰਭਾਵਿਤ ਹੋਈ ਤੇ ਕਰੀਬ 1200 ਤੋਂ ਵੱਧ ਉਡਾਣਾਂ ਰੱਦ ਕਰਨੀਆਂ ਪਈਆਂ। ਇਹ ਵਿਘਨ ਸਾਲ ਦੇ ਸਭ ਤੋਂ ਵਿਅਸਤ ਦਿਨਾਂ ਦੌਰਾਨ ਆਇਆ, ਜਦੋਂ ਬਹੁਤ ਸਾਰੇ ਲੋਕ ਗਰਮੀਆਂ ਦੀਆਂ ਛੁੱਟੀਆਂ ਤੋਂ ਵਾਪਸ ਆ ਰਹੇ ਹਨ। ਫਲਾਈਟ ਕੰਟਰੋਲ ਅਪਰੇਟਰ ਨੈਸ਼ਨਲ ਏਅਰ ਟ੍ਰੈਫਿਕ ਸਰਵਿਸਿਜ਼ (ਐੱਨਏਟੀਐੱਸ) ਨੇ ਕਿਹਾ ਕਿ ਤਕਨੀਕੀ ਖ਼ਰਾਬੀ ਦੀ ਰਿਪੋਰਟ ਕੀਤੇ ਜਾਣ ਤੋਂ ਤਿੰਨ ਘੰਟੇ ਬਾਅਦ ਸਮੱਸਿਆ ਦੀ ਪਛਾਣ ਕੀਤੀ ਗਈ ਅਤੇ ਹੱਲ ਕੀਤਾ ਗਿਆ, ਜਿਸ ਨਾਲ ਉਡਾਣਾਂ ਨੂੰ ਆਮ ਕੰਮਕਾਜ ਮੁੜ ਸ਼ੁਰੂ ਹੋ ਸਕਦਾ ਹੈ। ਬਰਤਾਨੀਆ ਦੇ ਏਅਰ ਟ੍ਰੈਫਿਕ ਕੰਟਰੋਲ ਸਿਸਟਮ ਵਿੱਚ ਤਕਨੀਕੀ ਨੁਕਸ ਕਾਰਨ ਕਈ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਅਤੇ ਹੀਥਰੋ ਹਵਾਈ ਅੱਡੇ ਨੇ ਕਿਹਾ ਕਿ ਅੱਜ ਬਾਕੀ ਦਿਨ 'ਚ ਵਿਘਨ ਪਵੇਗਾ ਕਿਉਂਕਿ ਕਈ ਉਡਾਣਾਂ ਨੂੰ ਰੱਦ ਕਰ ਦਿੱਤਾ ਗਿਆ ਹੈ।

## ਮੁੱਖ ਮੰਤਰੀ ਨੂੰ ਲੱਗਾ ਠੇਕਾ ਮੁਲਾਜ਼ਮਾਂ ਦੇ ਪ੍ਰਦਰਸ਼ਨ ਤੋ ਡਰ

ਲੋਕ ਬਾਣੀ/ ਬਠਿੰਡਾ, 29 ਅਗਸਤ

ਬਠਿੰਡਾ, 29 ਅਗਸਤ – ਖ਼ੇਡਾਂ ਵਤਨ ਪੰਜਾਬ ਦੀਆਂ ਦਾ ਅੱਜ ਬਠਿੰਡਾ ਵਿਚ ਉਦਘਾਟਨ ਕਰਨ ਲਈ ਪਹੁੰਚ ਰਹੇ ਮੁੱਖ ਮੰਤਰੀ ਭਗਵੰਤ ਮਾਨ ਦੀ ਆਮਦ ਤੋਂ ਪਹਿਲਾਂ ਹੀ ਪੁਲਿਸ ਵਲੋਂ ਠੇਕਾ ਮੁਲਾਜ਼ਮਾਂ ਨੂੰ ਫੜਕੇ ਥਾਣੇ ਤੁੰਨ ਦਿੱਤਾ ਗਿਆ।

ਠੇਕਾ ਮੁਲਾਜ਼ਮ ਆਪਣੀਆਂ ਮੰਗਾਂ ਸੰਬੰਧੀ ਮੁੱਖ ਮੰਤਰੀ ਤੱਕ ਪਹੁੰਚ ਕਰਨਾ ਚਾਹੁੰਦੇ ਸਨ, ਜਿੰਨ੍ਹਾ ਨੂੰ ਪੁਲਿਸ ਨੇ ਉਦਘਾਟਨ ਸਮਾਰੋਹ ਤੋਂ ਬਾਹਰ ਹੀ ਪਕੜ ਲਿਆ ਤੇ ਗੱਡੀਆਂ ਵਿਚ ਲੱਦ ਕੇ ਥਾਣੇ ਲੈ ਗਈ।

## ਸੁਪਰੀਮ ਕੋਰਟ ਵਿਚ ਹੋਈ ਸੁਣਵਾਈ ਧਾਰਾ 370 ਮਾਮਲੇ ਦੀ

ਲੋਕ ਬਾਣੀ/ ਦਿੱਲੀ, 29 ਅਗਸਤ



ਧਾਰਾ 370 ਖ਼ਤਮ ਕਰਨ ਖ਼ਿਲਾਫ਼ ਪਟੀਸ਼ਨਾਂ ਦੀ ਸੁਪਰੀਮ ਕੋਰਟ 'ਚ ਚੱਲ ਰਹੀ ਸੁਣਵਾਈ ਦੌਰਾਨ ਅੱਜ ਕੇਂਦਰ ਨੇ ਸਰਵਉੱਚ ਅਦਾਲਤ 'ਚ ਕਿਹਾ ਕਿ ਜੰਮੂ ਕਸ਼ਮੀਰ ਦਾ ਕੇਂਦਰ ਸ਼ਾਸਤ ਪ੍ਰਦੇਸ਼ ਦਾ ਦਰਜਾ ਸਥਾਈ ਨਹੀਂ ਹੈ। ਸਰਕਾਰ ਨੇ ਕਿਹਾ ਕਿ ਲੱਦਾਖ ਦਾ ਕੇਂਦਰ ਸ਼ਾਸਤ ਪ੍ਰਦੇਸ਼ ਦਾ ਦਰਜਾ ਕੁੱਝ ਸਮੇਂ ਲਈ ਬਰਕਰਾਰ ਰਹੇਗਾ। ਕੇਂਦਰ ਇਸ ਦੇ ਨਾਲ ਹੀ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਹ 31 ਅਗਸਤ ਨੂੰ ਜੰਮੂ-ਕਸ਼ਮੀਰ, ਲੱਦਾਖ ਦੀ ਯੂਟੀ ਸਥਿਤੀ ਦੇ ਭਵਿੱਖ ਬਾਰੇ ਵਿਸਥਾਰ ਨਾਲ ਬਿਆਨ ਦੇਵੇਗਾ।

## ਲੁਧਿਆਣਾ ਦੀ ਵਿਦਿਆਰਥਨ ਜਿੰਬਾਬਵੇ ਦੀ ਕੁੜੀ ਹੋਈ ਕਾਰਤੂਸ ਨਾਲ ਕਾਬੂ

ਲੋਕ ਬਾਣੀ/ ਮੁੰਬਈ, 29 ਅਗਸਤ



ਪੰਜਾਬ ਦੇ ਕਾਲਜ ਵਿੱਚ ਦਾਖ਼ਲਾ ਲੈਣ ਵਾਲੀ ਜ਼ਿੰਬਾਬਵੇ ਦੀ 20 ਸਾਲਾ ਮੁਟਿਆਰ ਨੂੰ ਇੱਥੇ ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਸ ਦੇ ਬੈਗ ਵਿੱਚੋਂ ਕਾਰਤੂਸ ਮਿਲਣ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲੀਸ ਮੁਤਾਬਕ ਮੁਲਜ਼ਮ ਦੀ ਪਛਾਣ ਪ੍ਰੋਗਰੈਸ ਮਰੰਬਵਾ ਵਜੋਂ ਹੋਈ ਹੈ। ਮੁਟਿਆਰ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਸ ਨੂੰ ਫਸਾਇਆ ਗਿਆ ਹੈ। ਉਹ ਕਾਲਜ ਵਿੱਚ ਬੀਐੱਸਸੀ (ਮੈਡੀਕਲ ਲੈਬ ਸਾਇੰਸ) ਦੇ ਪਹਿਲੇ ਸਾਲ ਦੀ ਪੜ੍ਹਾਈ ਕਰਨ ਲਈ ਲੁਧਿਆਣਾ ਜਾ ਰਹੀ ਸੀ। ਅਧਿਕਾਰੀ ਨੇ ਦੱਸਿਆ ਕਿ ਮੁਟਿਆਰ ਐਤਵਾਰ ਸਵੇਰੇ ਮੁੰਬਈ ਪਹੁੰਚੀ ਅਤੇ ਉਸ ਨੇ ਦਿੱਲੀ ਲਈ ਉਡਾਣ ਭਰਨੀ ਸੀ ਪਰ ਸੁਰੱਖਿਆ ਕਰਮਚਾਰੀਆਂ ਨੂੰ ਉਸ ਦੇ ਬੈਗ ਵਿੱਚ ਇੱਕ ਗੋਲੀ ਮਿਲੀ। ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।


JSDC GROUP

ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ

178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ

82880 21797
82880 21798

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018

WWW.JSDCGROUP.COM

ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ

JSDC GROUP - INDIA

# ਫੌਗਿੰਗ ਕਰਵਾਉਣ ਜਾਂ ਕਿਸੇ ਵੀ ਫੀਡਬੈਕ ਲਈ ਸਬੰਧਤ ਨਗਰ ਕੌਂਸਲ, ਨਗਰ ਨਿਗਮ ਦੇ ਦਫ਼ਤਰ ਜਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਸੋਸ਼ਲ ਮੀਡੀਆ ਹੈਂਡਲਜ਼ ਉੱਪਰ ਕੀਤਾ ਜਾ ਸਕਦਾ ਹੈ ਸੰਪਰਕ

ਲੋਕ ਬਾਣੀ/ ਗੁਰਦਾਸਪੁਰ, 29 ਅਗਸਤ

ਨਵਨੀਤ ਕੁਮਾਰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਸ਼ਹਿਰੀ ਖੇਤਰਾਂ ਵਿੱਚ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ ਸਮੂਹ ਨਗਰ ਕੌਂਸਲਾਂ ਅਤੇ ਨਗਰ ਨਿਗਮ ਬਟਾਲਾ ਦੀਆਂ ਟੀਮਾਂ ਵੱਲੋਂ ਫੌਗਿੰਗ ਅਤੇ ਸਪਰੇਅ ਕਰਨ ਦੀ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਸਬੰਧੀ ਸ਼ਹਿਰੀ ਖੇਤਰਾਂ ਵਿੱਚ ਫੌਗਿੰਗ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਰੋਜ਼ਾਨਾ ਹਰ ਵਾਰਡ ਵਾਈਜ਼ ਫੌਗਿੰਗ ਕਰ ਰਹੀਆਂ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਡੇਂਗੂ, ਮਲੇਰੀਆ ਦੀ ਰੋਕਥਾਮ ਲਈ ਵਿਸ਼ੇਸ਼ ਸਾਵਧਾਨੀ ਵਰਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਥੇ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਵੱਖ-ਵੱਖ ਪਿੰਡਾਂ-ਸ਼ਹਿਰਾਂ ਵਿੱਚ ਫੌਗਿੰਗ ਤੇ



ਮੱਛਰ ਮਾਰਨ ਵਾਲੀ ਦਵਾਈ ਦੀ ਸਪਰੇਅ ਕੀਤੀ ਜਾ ਰਹੀ ਹੈ ਓਥੇ ਨਾਲ ਹੀ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਸ਼ਹਿਰਾਂ ਵਿੱਚ ਮੱਛਰਾਂ ਦੇ ਖਾਤਮੇ ਲਈ ਵਿਸ਼ੇਸ਼ ਮੁਹਿੰਮ ਅਰੰਭੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ ਅਤੇ ਨਗਰ ਨਿਗਮ ਬਟਾਲਾ ਵੱਲੋਂ ਵਾਰਡ ਵਾਈਜ ਪਲਾਨ ਬਣਾ ਕੇ ਰੋਜ਼ਾਨਾਂ ਫੌਗਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਬਟਾਲਾ ਅਤੇ ਨਗਰ ਕੌਂਸਲਾਂ ਦੇ ਅਧਿਕਾਰੀਆਂ ਵੱਲੋਂ ਇਸਦੀ ਨਿਗਰਾਨੀ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਲੋਕਾਂ ਨੂੰ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜੇਕਰ ਸ਼ਹਿਰ ਦੇ ਕਿਸੇ ਵੀ ਖੇਤਰ ਵਿੱਚ ਫੌਗਿੰਗ ਕਰਨ ਵਾਲੀ ਟੀਮ ਨਹੀਂ ਪਹੁੰਚੀ ਜਾਂ ਕਿਤੇ ਦੁਬਾਰਾ ਵੀ ਫੌਗਿੰਗ ਦੀ ਲੋੜ ਹੈ ਤਾਂ ਉਹ ਸਬੰਧਤ ਨਗਰ ਕੌਂਸਲ, ਨਗਰ ਨਿਗਮ ਦੇ ਦਫ਼ਤਰ ਜਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਸੋਸਲ ਮੀਡੀਆ ਹੈਂਡਲਜ਼ (dc gurdaspur facebook page) ਉੱਪਰ ਵੀ ਸੰਪਰਕ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਇਸਦੇ ਨਾਲ ਹੀ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਆਲੇ-ਦੁਆਲੇ ਦੇ ਪਾਣੀ ਨਾ ਖੜ੍ਹਾ ਹੋਣ ਦੇਣ ਅਤੇ ਸਾਫ਼-ਸਫ਼ਾਈ ਨੂੰ ਯਕੀਨੀ ਬਣਾਉਣ। ਆਪਣੇ ਘਰਾਂ ਦੀਆਂ ਛੱਤਾਂ ਤੇ ਪਏ ਪੁਰਾਣੇ ਟਾਇਰਾਂ, ਕਬਾੜ ਦਾ ਸਮਾਨ, ਗਮਲਿਆਂ, ਕੂਲਰਾਂ ਅਤੇ ਫਰਿਜ਼ਾਂ ਵਿਚਲੇ ਪਾਣੀ ਨੂੰ ਸਾਫ਼ ਕਰਨ ਤਾਂ ਜੋ ਓਥੇ ਮੱਛਰ ਪੈਦਾ ਨਾ ਹੋ ਸਕਣ। ਉਨ੍ਹਾਂ ਕਿਹਾ ਕਿ ਸਾਂਝੇ ਯਤਨਾਂ ਸਦਕਾ ਅਸੀਂ ਡੇਂਗੂ, ਮਲੇਰੀਆ ਵਰਗੀਆਂ ਬਿਮਾਰੀਆਂ ਨੂੰ ਰੋਕਣ ਵਿੱਚ ਅਸਾਨੀ ਨਾਲ ਕਾਮਯਾਬ ਹੋ ਸਕਦੇ ਹਾਂ।

# ਸਿਲੰਡਰ ਦੀ ਕੀਮਤ ਵਿਚ ਕਟੌਤੀ ਕਰਨ ਤੇ ਭਾਜਪਾ ਪ੍ਰਧਾਨ ਅਜੈਵੀਰ ਸਿੰਘ ਪ੍ਰਧਾਨ ਮੋਦੀ ਦਾ ਕੀਤਾ ਧੰਨਵਾਦ

ਲੋਕ ਬਾਣੀ/ ਸ਼੍ਰੀ ਅਨੰਦਪੁਰ ਸਾਹਿਬ, 29 ਅਗਸਤ (ਦਵਿੰਦਰਪਾਲ ਸਿੰਘ)



ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵਲੋਂ ਐਲਪੀਜੀ ਸਿਲੰਡਰ ਦੀ ਕੀਮਤ ਵਿਚ 200 ਰੁਪਏ ਪ੍ਰਤੀ ਸਿਲੰਡਰ ਕਟੌਤੀ ਕਰਨਾ ਬੇਹੱਦ ਸ਼ਲਾਘਾਯੋਗ ਅਤੇ ਲੋਕਪੱਖੀ ਫ਼ੈਸਲਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਕੀਤਾ। ਉਨ੍ਹਾਂ ਕਿਹਾ ਕਿ ਮੋਦੀ ਜੀ ਵਲੋਂ ਦੇਸ਼ਾਂ ਦੀਆਂ ਕਰੋੜਾਂ ਮਾਂਵਾਂ ਅਤੇ ਭੈਣਾਂ ਨੂੰ ਇਹ ਸੌਗਾਤ ਰੱਖੜੀ ਅਤੇ ਅਗਾਮੀ ਤਿਉਹਾਰਾਂ ਦੇ ਮੱਦੇਨਜ਼ਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕੇਂਦਰੀ ਮੰਤਰੀ ਮੰਡਲ ਵਲੋਂ ਕੀਮਤ ਕਟੌਤੀ ਦੇ ਲਏ ਇਸ ਫ਼ੈਸਲੇ ਨਾਲ 33 ਕਰੋੜ ਖਪਤਕਾਰਾਂ ਨੂੰ ਲਾਭ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਫ਼ੈਸਲੇ ਦੇ ਨਾਲ ਹੀ ਉੱਜਵਲਾ ਲਾਭਪਾਤਰੀਆਂ ਲਈ ਸਬਸਿਡੀ ਹੁਣ 400 ਰੁਪਏ ਪ੍ਰਤੀ ਐਲਪੀਜੀ ਸਿਲੰਡਰ ਹੋ ਗਈ ਹੈ। ਲਾਲਪੁਰਾ ਨੇ ਦੱਸਿਆ ਕਿ ਸਰਕਾਰ ਨੇ 75 ਲੱਖ ਹੋਰ ਨਵੇਂ ਉੱਜਵਲਾ ਕੁਨੈਕਸ਼ਨਾਂ ਨੂੰ ਵੀ ਮਨਜ਼ੂਰੀ ਦਿੱਤੀ ਹੈ, ਜਿਸ ਨਾਲ ਪ੍ਰਧਾਨ ਮੰਤਰੀ ਉੱਜਵਲਾ ਲਾਭਪਾਤਰੀਆਂ ਦੀ ਕੁੱਲ ਗਿਣਤੀ 10.35 ਕਰੋੜ ਹੋ ਜਾਵੇਗੀ। ਉਨ੍ਹਾਂ ਕਿਹਾ ਕਿ 2023-24 ਲਈ 200 ਰੁਪਏ ਪ੍ਰਤੀ ਐਲਪੀਜੀ ਸਿਲੰਡਰ ਦੀ ਵਾਧੂ ਸਬਸਿਡੀ ਨਾਲ 7,680 ਕਰੋੜ ਰੁਪਏ ਦਾ ਵਿੱਤੀ ਬੋਝ ਪਵੇਗਾ। ਲਾਲਪੁਰਾ ਨੇ ਕਿਹਾ ਕਿ ਮੋਦੀ ਸਰਕਾਰ ਵਲੋਂ ਇੱਕ ਸਾਫ਼-ਸੁਥਰੇ ਖਾਣਾ ਪਕਾਉਣ ਵਾਲੇ ਈਂਧਨ ਵਜੋਂ ਤਰਲ ਪੈਟਰੋਲੀਅਮ ਗੈਸ (ਐਲਪੀਜੀ) ਨੂੰ ਗ੍ਰਾਮੀਣ ਅਤੇ ਵਾਂਝੇ ਗਰੀਬ ਪਰਿਵਾਰਾਂ ਲਈ ਉਪਲਬਧ ਕਰਾਉਣ ਲਈ ਮਈ 2016 ਵਿੱਚ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਸ਼ੁਰੂ ਕੀਤੀ ਸੀ, ਤਾਂ ਜੋ ਗਰੀਬ ਪਰਿਵਾਰਾਂ ਦੀਆਂ ਬਾਲਗ ਮਹਿਲਾਵਾਂ ਨੂੰ ਮੁਫ਼ਤ ਐਲਪੀਜੀ ਕੁਨੈਕਸ਼ਨ ਪ੍ਰਦਾਨ ਕੀਤਾ ਜਾ ਸਕਣ। ਉਨ੍ਹਾਂ ਦੱਸਿਆ ਕਿ ਭਾਜਪਾ ਸਰਕਾਰ ਹੋਰਨਾਂ ਸਰਕਾਰਾਂ ਵਾਂਗੂੰ ਝੂਠੇ ਲਾਰੇ ਜਾਂ ਵਾਅਦੇ ਨਹੀਂ ਕਰਦੀ ਬਲਕਿ 2014 ਤੋਂ ਲੈ ਕੇ ਹੁਣ ਤੱਕ ਮੋਦੀ ਸਾਬ ਦੇ ਕਾਰਜਕਾਲ ਦੌਰਾਨ ਅਜਿਹੇ ਵਿਕਾਸ ਦੇ ਕਾਰਜ ਅਰੰਭੇ ਜਾ ਚੁੱਕੇ ਹਨ ਜੋ ਪਿਛਲੀਆਂ ਸਰਕਾਰਾਂ ਸੁਪਨਾ ਵੀ ਨਹੀਂ ਲੈ ਸਕਦੀਆਂ।

# ਡਾ. ਮਨਿੰਦਰਜੀਤ ਕੌਰ ਬਿਜਲੀ ਬੋਰਡ ਅਤੇ ਬਿਆਸ ਵੈਲੀ ਸ਼ਕਤੀ ਕਾਰਪੋਰੇਸ਼ਨ ਲਿਮ: (ਹਿ, ਪ੍ਰ) ਦੇ ਡਾਇਰੈਕਟਰ ਬਣੇ

ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ 29 ਅਗਸਤ (ਦਵਿੰਦਰਪਾਲ ਸਿੰਘ)

ਇੱਥੋਂ ਨੇੜਲੇ ਪਿੰਡ ਮਾਂਗੇਵਾਲ ਦੀ ਜੰਮਪਲ ਅਤੇ ਮਰਹੂਮ ਕਾਂਗਰਸੀ ਆਗੂ ਹਕੀਮ ਖੁਸ਼ਹਾਲ ਸਿੰਘ ਦੀ ਸਪੁੱਤਰੀ ਡਾ. ਮਨਿੰਦਰਜੀਤ ਕੌਰ ਨੂੰ ਹਿਮਾਚਲ ਪ੍ਰਦੇਸ਼ ਸਰਕਾਰ ਵਲੋਂ ਬਿਜਲੀ ਬੋਰਡ ਅਤੇ ਬਿਆਸ ਵੈਲੀ ਸ਼ਕਤੀ ਕਾਰਪੋਰੇਸ਼ਨ ਲਿਮ: ਦਾ ਤਿੰਨ ਸਾਲ ਲਈ ਡਾਇਰੈਕਟਰ ਲਗਾਇਆ ਗਿਆ ਹੈ। ਜਿਸ ਨੂੰ ਲੈ ਕੇ ਇਲਾਕਾ ਨਿਵਾਸੀਆਂ ਵਿੱਚ ਖੁਸ਼ੀ ਦਾ ਆਲਮ ਹੈ। ਦੱਸਣਯੋਗ ਹੈ ਕਿ ਉਹ ਸ੍ਰੀ ਅਨੰਦਪੁਰ ਸਾਹਿਬ ਦੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਅਤੇ ਸਰਕਾਰੀ ਕੰਨਿਆ ਕਾਲਜ ਚੰਡੀਗੜ ਦੇ ਵਿਦਿਆਰਥੀ ਰਹਿ ਚੁੱਕੇ ਹਨ। ਜਿਨ ਾਂ ਵਲੋਂ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਸ਼ਿਮਲਾ ਤੋਂ 1994 ਵਿੱਚ ਬਨਸ਼ਪਤੀ ਵਿਗਿਆਨ ਵਿੱਚ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ ਹੋਈ ਹੈ ਉਹਨਾ ਦਾ ਪਰਿਵਾਰ ਰਾਜਾ ਬਿਲਾਸਪੁਰ ਦੇ ਸ਼ਾਹੀ ਹਕੀਮ ਸਨ। ਉਹ ਕਾਂਗਰਸੀ ਆਗੂ ਹਕੀਮ ਹਰਮਿੰਦਰਪਾਲ ਸਿੰਘ ਦੇ ਛੋਟੇ ਭੈਣ ਵੀ ਹਨ। ਡਾ. ਮਨਿੰਦਰਜੀਤ ਕੌਰ ਵਲੋਂ ਸ਼ਿਮਲਾ ਵਿਖੇ 1997 ਵਿੱਚ ਹਿਮਾਲਿਅਨ ਖੋਜ਼ ਗਰੁੱਪ ਬਣਾ ਕੇ ਖੇਤੀ ਅਤੇ ਗੈਰ-ਖੇਤੀ ਅਧਾਰਿਤ ਆਮ ਲੋਕਾਂ ਨੂੰ 'ਤਕਨੀਕ ਦਾ ਤਬਾਦਲਾ' ਨੀਤੀ ਨਾਲ ਜ਼ੋੜ ਕੇ ਜਾਗਰੂਕ ਕੀਤਾ ਜਾ ਰਿਹਾ ਹੈ। ਅਤੇ ਸਵੈ-ਰੋਜਗਾਰ ਨੂੰ ਪ੍ਰਫੁੱਲਤ ਕੀਤਾ ਜਾ ਰਿਹਾ ਹੈ। ਉਹਨਾ ਨੂੰ ਇਸ ਕਾਰਜ ਲਈ 2007 ਵਿੱਚ ਰਾਸ਼ਟਪਤੀ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਡਾ. ਮਨਿੰਦਰਜੀਤ ਕੌਰ ਨੇ ਆਪਣੀ ਨਿਯੁਕਤੀ ਲਈ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਹੈ ਉਹਨਾ ਦੀ ਨਿਯੁਕਤੀ ਤੇ ਡਾ. ਅਲਕਾ ਸਿੰਘ, ਅਰਚਨਾ ਫੁੱਲ ਸੀਨੀਅਰ ਪੱਤਰਕਾਰ, ਵਿਦੁਸ਼ੀ ਸ਼ਰਮਾ, ਡਾ. ਲਾਲ ਸਿੰਘ, ਦਵਿੰਦਰ ਕੌਰ ਦਬੂੜ, ਸਤਿੰਦਰ ਕੌਰ, ਹਰਜੀਤ ਸਿੰਘ ਮੰਗਾ ਟਰਾਂਸਪੋਟਰ, ਗੁਰਦਿਆਲ ਸਿੰਘ ਸਵਾਹਣ, ਅਮਰਜੀਤ ਕੌਰ, ਹਰਪਾਲ ਸਿੰਘ ਗਿੱਲ, ਅਸ਼ੋਕ ਸੈਣੀ, ਨਰੇਸ਼ ਅਰੋੜਾ, ਡਾ. ਰਵਿੰਦਰ ਦੀਵਾਨ, ਨੰਬਰਦਾਰ ਕੁਲਦੀਪ ਸਿੰਘ, ਰਾਜ ਕੁਮਾਰ ਸੈਣੀ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

# ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਧੱਕਾ ਸਹਿਣ ਨਹੀਂ ਕਰਾਂਗੇ  ਪ੍ਰੋ ਪ੍ਰੇਮ  ਸਿੰਘ ਚੰਦੂਮਾਜਰਾ ਚੰਦੂਮਾਜਰਾ

ਲੋਕ ਬਾਣੀ/ ਬਲਾਚੌਰ 29 ਅਗਸਤ (ਜਤਿੰਦਰ ਪਾਲ ਸਿੰਘ ਕਲੇਰ )



ਨਗਰ ਕੌਂਸਲ, ਪੰਚਾਇਤ, ਬਲਾਕ ਸੰਮਤੀ ਅਤੇ ਜਿਲ੍ਹਾ ਪ੍ਰੀਸ਼ਦ ਚੋਣਾਂ ਦੀ ਤਿਆਰੀ ਦੇ ਸੰਬੰਧ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਵਿਸ਼ੇਸ਼ ਮੀਟਿੰਗ ਜਿਲ੍ਹਾ ਇੰਨਚਾਰਜ ਸੁਨੀਤਾ ਚੌਧਰੀ ਦੀ ਅਗਵਾਈ ਹੇਠ ਹੋਈ,ਜਿਸ ਵਿੱਚ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਪ੍ਰੋਂ ਪ੍ਰੇਮ ਸਿੰਘ ਚੰਦੂਮਾਜਰਾ ਨੇ ਸੰਬੋਧ ਕਰਦਿਆਂ ਕਿਹਾ ਕਿ ਨਾ ਅਕਾਲੀ ਦਲ ਖਤਮ ਹੋਇਆ, ਅਤੇ ਨਾ ਕੋਈ ਕਰ ਸਕਿਆ ਅਤੇ ਨਾ ਹੀ ਖਤਮ ਹੋਵੇਗਾ ਉਨ੍ਹਾਂ ਨਗਰ ਕੌਂਸਲ ਸਮੇਤ ਆਉਣ ਵਾਲੀਆਂ ਸਾਰੀਆਂ ਚੋਣਾਂ ਲਈ ਅੱਜ ਤੋਂ ਸੁਹਿਰਦਤਾ ਨਾਲ ਕੰਮ ਕਰਨਾ ਸ਼ੁਰੂ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਬਸਪਾ ਨਾਲ ਮਿਲ ਕੇ ਚੋਣਾਂ ਲੜੀਆਂ ਜਾਣਗੀਆਂ ਅਤੇ 4 ਸਤੰਬਰ ਨੂੰ ਬਸਪਾ ਦੇ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨਾਲ ਮੀਟਿੰਗ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਸਮਾਜ ਅਤੇ ਪਾਰਟੀ ਨੂੰ ਸਮਰਪਿਤ ਲੋਕਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਮਨਮਰਜੀਆਂ ਕਰ ਰਹੀ ਹੈ,ਉਨ੍ਹਾਂ ਕਿਹਾ ਕਿ ਕਿਸੀ ਵੀ ਚੋਣ ਵਿਚ ਸਤਾਧਾਰੀ ਪਾਰਟੀ ਵਲੋਂ ਕੀਤਾ ਜਾਂਦਾ ਧੱਕਾ ਕਿਸੀ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਕਿਸੀ ਤੋਂ ਡਰਨ ਦੀ ਲੋੜ ਨਹੀਂ ਹੈ। ਇਸ ਮੌਕੇ ਇੰਚਾਰਜ ਅਤੇ ਕੋਰ ਕਮੇਟੀ ਮੈਂਬਰ ਬੀਬੀ ਸੁਨੀਤਾ ਚੌਧਰੀ ਨੇ ਪਾਰਟੀ ਦੀ ਮਜਬੂਤੀ ਲਈ ਸਾਰਿਆਂ ਨੂੰ ਇਕੱਠੇ ਹੋ ਕੇ ਚੱਲਣ ਲਈ ਆਖਿਆ,ਉਨ੍ਹਾਂ ਪਿਛਲੀਆਂ ਚੋਣਾਂ ਦੌਰਾਨ ਹੋਏ ਆਪ ਬੀਤੇ ਵਰਤਾਰੇ ਬਾਰੇ ਰੌਸ਼ਨੀ ਪਾਈ।ਇਸ ਮੌਕੇ ਸੀਨੀਅਰ ਆਗੂ ਬ੍ਰਿਗੇਡੀਅਰ ਰਾਜ ਕੁਮਾਰ, ਅਵਤਾਰ ਸਿੰਘ ਸਾਧੜਾ, ਗੁਰਪ੍ਰੀਤ ਗੁੱਜਰ ਨੇ ਵੀ ਵਿਚਾਰ ਸਾਂਝੇ ਕੀਤੇ।ਇਸ ਮੌਕੇ ਸਾਬਕਾ ਚੇਅਰਮੈਨ ਵਿਮਲ ਚੌਧਰੀ, ਜੋਗਿੰਦਰ ਸਿੰਘ ਅਟਵਾਲ, ਨਿਰਮੈਲ ਸਿੰਘ ਥਾਂਦੀ, ਪੰਮੀ ਬਰਤਾ, ਹਜ਼ੂਰਾ ਸਿੰਘ ਪੋਲੀ, ਮਦਨ ਲਾਲ ਖੰਨਾ, ਬਗੀਚਾ ਸਿੰਘ ਰੱਕੜ, ਸੰਤੋਖ ਸਿੰਘ ਸ਼ਿਵਾਲਿਕ, ਮਨਜੀਤ ਸਿੰਘ ਸੋਹਲ, ਹਰਵਿੰਦਰ ਸਿੰਘ ਚਾਹਲ, ਸਾਬਕਾ ਪ੍ਰਧਾਨ ਰਾਣਾ ਰਣਦੀਪ ਸਿੰਘ ਧਰਮਪਾਲ ਕੋਹਲੀ,ਗੁਰਦੀਪ ਸਿੰਘ ਬਕਾਪੁਰ, ਸੁਰਜੀਤ ਸਿੰਘ ਦੁਭਾਲੀ, ਸੁਰਜੀਤ ਕੋਹਲੀ, ਧਰਮਪਾਲ ਕੋਹਲੀ, ਰਾਣਾ ਜਗਦੀਸ਼ ਸਿੰਘ, ਜਗਤਾਰ ਸਿੰਘ ਜਥਾ ਅਤੇ ਹੋਰ ਹਾਜਿਰ ਸੀ।

# ਰੱਖੜੀ ਦੇ ਤਿਉਹਾਰ ਨੂੰ ਲੈ ਕੇ ਬਜਾਰਾਂ ਵਿੱਚ ਰੌਣਕਾਂ

ਲੋਕ ਬਾਣੀ/ ਕਾਠਗੜ੍ਹ 29 ਅਗਸਤ (ਜਤਿੰਦਰ ਪਾਲ ਸਿੰਘ ਕਲੇਰ )

ਰੱਖੜੀ ਦੇ ਤਿਉਹਾਰ ਨੂੰ ਲੈ ਕੇ ਅੱਜ ਸ਼ਹਿਰ ਦੇ ਬਾਜ਼ਾਰ ਪੂਰੀ ਤਰ੍ਹਾਂ ਨਵ ਵਿਆਹੀ ਦੁਲਹਨ ਵਾਗੂੰ ਸੱਜ ਗਏ ਹਨ, ਬਾਜ਼ਾਰਾਂ 'ਚ ਭਾਰੀ ਉਤਸ਼ਾਹ ਹੈ ਅਤੇ ਭੈਣਾਂ ਆਪਣੇ ਭਰਾਵਾਂ ਲਈ ਰੱਖੜੀ ਦੀ ਖਰੀਦਦਾਰੀ ਪੂਰੇ ਉਤਸ਼ਾਹ ਨਾਲ ਕਰ ਰਹੀਆਂ ਹਨ। ਭਾਰਤ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਇੱਥੇ ਸਮੇਂ-ਸਮੇਂ 'ਤੇ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ, ਜਿਸ 'ਚ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਦਾ ਪ੍ਰਤੀਕ ਰੱਖੜੀ ਵੀ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਈ ਜਾਂਦੀ ਹੈ। ਇਸ ਵਾਰ ਇਹ ਤਿਉਹਾਰ 30 ਤਰੀਕ ਨੂੰ ਮਨਾਇਆ ਜਾਵੇਗਾ। ਇਸ ਮੌਕੇ ਕਾਠਗੜ੍ਹ ਏਰੀਆ ਦੇ ਵੱਖ ਵੱਖ ਪਿੰਡਾਂ ਵਿਖੇ ਰੱਖੜੀਆ ਅਤੇ ਮਠਿਆਈਆਂ ਦੀਆਂ ਦੁਕਾਨਾਂ ਇਸ ਤਿਉਹਾਰ ਨੂੰ ਲੈ ਕੇ ਨਵੀਂ ਦੁਲਹਨ ਵਾਂਗ ਸਜੀਆਂ ਹੋਈਆਂ ਹਨ। ਇਸ ਤਿਉਹਾਰ ਨੂੰ ਲੈ ਕੇ ਕਾਠਗੜ੍ਹ ਦੇ ਬਜਾਰ ਵਿੱਚ ਰੱਖੜੀ ਵਿਕਰੇਤਾਵਾਂ ਨਾਲ ਗੱਲਬਾਤ ਕੀਤੀ ਗਈ ਤਾ ਉਨ੍ਹਾਂ ਦੱਸਿਆ ਕਿ ਇਸ ਤਿਉਹਾਰ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ। ਇਸ ਵਾਰ ਰੱਖੜੀ ਨੂੰ ਲੈ ਕੇ ਗਾਹਕ ਅਤੇ ਉਨ੍ਹਾਂ ਦਾ ਕਾਰੋਬਾਰ ਚੰਗਾ ਰਹਿਣ ਦੀ ਉਮੀਦ ਹੈ। ਦੁਕਾਨਦਾਰਾਂ ਅਨੁਸਾਰ 20 ਜੂਨ ਤੋਂ ਹੀ ਗਾਹਕਾਂ ਵੱਲੋਂ ਰੱਖੜੀ ਦੀ ਖਰੀਦਦਾਰੀ ਸ਼ੁਰੂ ਕਰ ਦਿੱਤੀ ਗਈ ਸੀ। ਕਿਉਂਕਿ ਭੈਣਾਂ ਵਿਦੇਸ਼ਾਂ ਵਿੱਚ ਬੈਠੇ ਭਰਾਵਾਂ ਲਈ ਰੱਖੜੀ ਕੋਰੀਅਰ ਆਦਿ ਕਰਦੀਆਂ ਹਨ ਤਾਂ ਜੋ ਰੱਖੜੀ ਦੇ ਤਿਉਹਾਰ ਮੌਕੇ ਉਨ੍ਹਾਂ



ਨੂੰ ਸਮੇਂ ਸਿਰ ਰੱਖੜੀ ਮਿਲ ਸਕੇ। ਉਨ੍ਹਾਂ ਦੱਸਿਆ ਕਿ ਵਿਦੇਸ਼ਾਂ ਵਿੱਚ ਰੱਖੜੀਆਂ ਭੇਜਣ ਦਾ ਸਿਲਸਿਲਾ 10 ਅਗਸਤ ਤੱਕ ਜਾਰੀ ਹੈ ਅਤੇ ਹੁਣ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਬੈਠੇ ਭੈਣਾਂ ਭਰਾਵਾਂ ਲਈ ਰੱਖੜੀਆਂ ਖਰੀਦ ਕੇ ਭੇਜ ਰਹੀਆਂ ਹਨ। ਇਸ ਤੋਂ ਇਲਾਵਾ ਦੁਕਾਨਦਾਰ ਨੇ ਦੱਸਿਆ ਕਿ ਇਸ ਵਾਰ ਹੜ੍ਹ ਹੈ। ਰੱਖੜੀ ਦੀ ਵਿਕਰੀ 'ਤੇ ਪੈਣ ਵਾਲਾ ਅਸਰ ਜਦੋਂ ਉਨ੍ਹਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਰੱਖੜੀ ਦੇ ਤਿਉਹਾਰ 'ਚ ਅਜੇ ਤਿੰਨ ਦਿਨ ਬਾਕੀ ਹਨ ਪਰ ਗਾਹਕ ਪੂਰੇ ਉਤਸ਼ਾਹ ਨਾਲ ਰੱਖੜੀ ਖਰੀਦ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਵਾਰ ਰੱਖੜੀ ਦੀਆਂ ਕਈ ਵਸਤੂਆਂ ਬਜ਼ਾਰ ਵਿੱਚ ਆਈਆਂ ਹਨ, ਇਨ੍ਹਾਂ ਵਸਤਾਂ ਵਿੱਚ ਏ. ਡੀ. ਵਲੀ ਰਾਖੀ ਕੁੰਦਨ ਵਾਲੀ, ਜੇ. ਐੱਚ. ਬਰੇਸਲੇਟ, ਬਰੇਸਲੇਟ, ਜੈਪੁਰੀ ਡਿਜ਼ਾਈਨ, ਬੱਚਿਆਂ ਦੇ ਟੇਡੀ ਆਦਿ ਰੱਖੜੀਆਂ ਦੀ ਵਿਕਰੀ ਹੋ ਰਹੀ ਹੈ, ਜਿਸ 'ਚ ਗਾਹਕ ਖਿਡੌਣੇ ਵਾਲੀਆਂ ਲਾਈਟ ਆਈਟਮਾਂ ਖਰੀਦਣ ਨੂੰ ਕਾਫੀ ਤਰਜੀਹ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਵਾਰ ਸ਼ੁੱਧ ਸੂਤੀ ਧਾਗੇ ਵਾਲੀਆਂ ਰੱਖੜੀਆਂ ਵੀ ਵਿਕ ਰਹੀਆਂ ਹਨ, ਜਿਨ੍ਹਾਂ ਦਾ ਰੇਟ 10 ਤੋਂ 60-70 ਰੁਪਏ ਤੱਕ ਚੱਲ ਰਿਹਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਵਸਤਾਂ ਦੀਆਂ ਰੱਖੜੀਆਂ 20 ਰੁਪਏ ਤੋਂ ਲੈ ਕੇ 350 ਰੁਪਏ ਤੱਕ ਦੇ ਰੇਟਾਂ 'ਤੇ ਵੇਚੀਆਂ ਜਾ ਸਕਦੀਆਂ ਹਨ।

# ਕੁਲਚੇ ਵੇਚਣ ਵਾਲੇ 'ਤੇ ਦੋ ਨੌਜਵਾਨਾਂ ਨੇ ਦਾਤਰ ਨਾਲ ਕੀਤਾ ਹਮਲਾ

ਲੋਕ ਬਾਣੀ/ ਕਾਠਗੜ੍ਹ 29 ਅਗਸਤ ( ਜਤਿੰਦਰ ਪਾਲ ਸਿੰਘ ਕਲੇਰ )





ਦਿਨ ਦਿਹਾੜੇ ਪਿੰਡ ਸੁੱਧਾ ਮਾਜਰਾ ਦੇ ਬੱਸ ਸਟਾਪ ਉਤੇ ਇੱਕ ਕੁਲਚੇ ਵੇਚਣ ਵਾਲੇ 'ਤੇ ਦੋ ਅਣਪਛਾਤੇ ਨੌਜਵਾਨਾਂ ਵੱਲੋਂ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਜ਼ਖਮੀ ਪਰਵਾਸੀ ਚੰਦਰਪਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਸਾਈਕਲ 'ਤੇ ਕੁਲਚੇ ਵੇਚ ਕੇ ਆਪਣਾ ਗੁਜ਼ਾਰਾ ਚਲਾਉਂਦਾ ਹੈ ਅਤੇ ਅੱਜ ਜਦੋਂ ਉਹ ਹਾਈਵੇ ਮਾਰਗ 'ਤੇ ਪੈਂਦੇ ਪਿੰਡ ਸੁੱਧਾ ਮਾਜਰਾ ਦੇ ਬੱਸ ਸਟਾਪ ਵਿਖੇ ਕੁਲਚੇ ਵੇਚ ਰਿਹਾ ਸੀ ਤਾਂ ਉਸ ਕੋਲ ਦੋ ਨੌਜਵਾਨਾਂ ਮੋਟਰਸਾਇਕਲ ਤੇ ਆਏ ਜਿਨ੍ਹਾਂ ਨੇ ਪਹਿਲਾਂ ਉਸ ਤੋਂ ਲੈ ਕੇ ਕੁਲਚੇ ਖਾਧੇ ਪਰੰਤੂ ਜਦੋਂ ਉਸਨੇ ਓਹਨਾਂ ਤੋਂ ਕੁਲਚਿਆਂ ਦੇ ਪੈਸੇ ਮੰਗੇ ਤਾਂ ਓਹਨਾਂ ਨੇ ਦਾਤਰ ਕੱਢ ਕੇ ਉਸ ਦੇ ਸਿਰ ਉੱਤੇ ਵਾਰ ਕਰ ਦਿੱਤਾ ਅਤੇ ਉਸ ਨੇ ਉਹਨਾਂ ਤੋਂ ਬਚਣ ਲਈ ਜਦੋਂ ਨੌਜਵਾਨਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੇ ਦੂਜਾ ਵਾਰ ਉਸ ਦੀ ਲੱਤ ਉੱਤੇ ਕਰ ਦਿੱਤਾ ਲੇਕਿਨ ਉਸ ਨੇ ਕੋਸ਼ਿਸ਼ ਕਰਕੇ ਉਹਨਾਂ ਤੋਂ ਦਾਤਰ ਖੋਹ ਲਿਆ ਅਤੇ ਰੌਲਾ ਪਾਉਣ ਨਾਲ ਲੋਕ ਉਸ ਕੋਲ ਇਕੱਠੇ ਹੋ ਗਏ ਜਿਨ੍ਹਾਂ ਨੂੰ ਦੇਖਦੇ ਹੋਏ ਦੋਵੇਂ ਹਮਲਾਵਰ ਮੋਟਰਸਾਈਕਲ 'ਤੇ ਬਲਾਚੌਰ ਵੱਲ ਨੂੰ ਫਰਾਰ ਹੋ ਗਏ। ਜਖਮੀ ਹਾਲਤ ਵਿੱਚ ਕੁਲਚੇ ਵਿਕਰੇਤਾ ਨੂੰ ਇੱਕ ਨਜ਼ਦੀਕੀ ਡਾਕਟਰ ਤੋਂ ਮੱਲਮ ਪੱਟੀ ਕਰਵਾਈ ਗਈ। ਇਕੱਠੇ ਹੋਏ ਲੋਕਾਂ ਨੇ ਦੱਸਿਆ ਕਿ ਅੱਜ ਪੰਜਾਬ ਦੇ ਹਾਲਾਤ ਯੂ.ਪੀ., ਬਿਹਾਰ ਤੋਂ ਵੀ ਬਦਤਰ ਹੁੰਦੇ ਜਾ ਰਹੇ ਹਨ ਜਿਸ ਵੱਲ ਸੂਬਾ ਸਰਕਾਰ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ। ਲੋਕਾਂ ਨੇ ਕਿਹਾ ਕਿ ਅਜਿਹੀਆਂ ਵਾਰਦਾਤਾਂ ਨੂੰ ਲੈ ਕੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਦਾ ਜਾ ਰਿਹਾ ਹੈ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਮੁਰਗੀ ਪਾਲਣ ਸਿਖਲਾਈ ਕੋਰਸ ਦਾ ਆਯੋਜਨ

ਲੋਕ ਬਾਣੀ/ ਸਹੀਦ ਭਗਤ ਸਿੰਘ ਨਗਰ 29 ਅਗਸਤ(ਰਮੇਸ਼ ਸਰਮਾ/ਗੁਰਪ੍ਰੀਤ ਵਾਸੂ)



ਪੰਜਾਬ ਐਗਰੀਕਲਚਰਲ ਯੂਨੀਵਰਿਸਟੀ, ਲੁਧਿਆਣਾ ਦੀ ਦੇਖ-ਰੇਖ ਅਧੀਨ ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ ਵੱਲੋਂ ਸਹਿਕਾਰੀ ਧੰਦਿਆਂ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਕਿੱਤਾ-ਮੁਖੀ ਸਿਖਲਾਈ ਕੋਰਸ ਆਯੋਜਿਤ ਕੀਤੇ ਜਾਂਦੇ ਹਨ। ਇਸੇ ਲੜੀ ਤਹਿਤ 21 ਤੋਂ 25 ਅਗਸਤ 2023 ਤੱਕ ਮੁਰਗੀ ਪਾਲਣ ਸਿਖਲਾਈ ਕੋਰਸ ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ ਵਿਖੇ ਆਯੋਜਿਤ ਕੀਤਾ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਡਾ. ਮਨਿੰਦਰ ਸਿੰਘ ਬੌਂਸ, ਉਪ ਨਿਰਦੇਸ਼ਕ (ਸਿਖਲਾਈ), ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਨੇ ਪਹੁੰਚੇ ਸਿਖਿਆਰਥੀਆਂ ਸਵਾਗਤ ਕੀਤਾ ਅਤੇ ਕਿਰਸਾਨੀ ਪ੍ਰਤੀ ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ ਦੀਆਂ ਸੇਵਾਵਾਂ ਬਾਰੇ ਚਾਨਣਾ ਪਾਇਆ ਅਤੇ ਸਹਾਇਕ ਧੰਧੇ ਅਪਣਾ ਕੇ ਵਧੇਰਾ ਮੁਨਾਫਾ ਪ੍ਰਾਪਤ ਕਰਨ ਲਈ ਪ੍ਰੇਰਿਆ।ਡਾ. ਗੁਰਿੰਦਰ ਸਿੰਘ,ਫਾਰਮ ਮੈਨੇਜਰ, ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ ਵੱਲੋਂ ਸਿਖਲਾਈ ਕੋਰਸ ਦੌਰਾਨ ਵੱਖ-ਵੱਖ ਵਿਸ਼ਿਆਂ 'ਤੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ, ਜਿਨ੍ਹਾਂ ਵਿੱਚ ਨਸਲੀਕਰਣ ਅਤੇ ਵਰਗੀਕਰਣ, ਅੰਡਿਆਂ ਵਿੱਚੋਂ ਚੂਚੇ ਕੱਢਣੇ, ਚੂਚਿਆਂ ਦਾ ਪਾਲਣ-ਪੋਸ਼ਣ, ਰਿਹਾਇਸ਼ ਅਤੇ ਸਾਜੋ-ਸਮਾਨ, ਖੁਰਾਕੀ ਪ੍ਰਬੰਧ, ਵਰਮੀ ਕੰਪੋਸਟਿੰਗ ਦੁਆਰਾ ਪੋਲਟਰੀ ਵੇਸਟ ਪ੍ਰਬੰਧਨ, ਅੰਡਿਆਂ ਦਾ ਮੰਡੀਕਰਨ ਅਤੇ ਬ੍ਰਾਇਲਰਾਂ ਦੀ ਉਪਜ ਸਮੇਤ, ਮੁਰਗੀਆਂ ਦੀਆਂ ਬਿਮਾਰੀਆਂ ਅਤੇ ਰੋਕਥਾਮ ਸ਼ਾਮਿਲ ਸੀ।



# ਖਾਲਸਾ ਸਕੂਲ ਵਿਖੇ ਚੱਲ ਰਹੀਆਂ 4 ਰੋਜਾ ਜ਼ੋਨ ਪੱਧਰੀ ਖੇਡਾਂ ਵਿੱਚ ਮੁੰਡਿਆਂ ਦੇ 2 ਰੋਜਾ ਮੁਕਾਬਲੇ ਸ਼ੁਰੂ

## ਐਸ.ਡੀ.ਐਮ. ਮਨਦੀਪ ਸਿੰਘ ਢਿੱਲੋਂ ਨੇ ਦਿੱਤਾ ਖਿਡਾਰੀਆਂ ਨੂੰ ਅਸ਼ੀਰਵਾਦ

ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ 29 ਅਗਸਤ (ਦਵਿੰਦਰਪਾਲ ਸਿੰਘ):

ਇੱਥੋ ਦੇ ਐਸ.ਜੀ.ਐਸ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਜ਼ੋਨ ਸ੍ਰੀ ਅਨੰਦਪੁਰ ਸਾਹਿਬ ਦੇ ਸਕੂਲਾਂ ਦੀਆਂ 4 ਰੋਜਾ ਖੇਡਾਂ ਦੇ ਦੂਜੇ ਪੜਾਅ ਤਹਿਤ ਮੁੰਡਿਆਂ ਦੇ 2 ਰੋਜਾ ਮੁਕਾਬਲੇ ਸ਼ੁਰੂ ਹੋ ਗਏ।ਜਿਨ ਾ ਵਿੱਚ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਉਪ ਮੰਡਲ ਮੈਜਿਸਟਰੇਟ ਮਨਦੀਪ ਸਿੰਘ ਢਿੱਲੋ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਉਹਨਾ ਕਿਹਾ ਕਿ ਨਵੀਂ ਪਨੀਰੀ ਨੂੰ ਖੇਡਾ ਦੀ ਚੇਟਕ ਲਗਾਉਣ ਲਈ ਅਜਿਹੇ ਮੁਕਾਬਲੇ ਬਹੁਤ ਜਰੂਰੀ ਹਨ। ਜਿਸ ਲਈ ਸਿੱਖਿਆ ਵਿਭਾਗ ਵਧਾਈ ਦਾ ਪਾਤਰ ਹੈ।

ਉਹਨਾ ਅਧਿਆਪਕਾਂ ਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਦੀ ਖੇਡਾਂ ਵਿੱਚ ਸਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ।ਤਾਂ ਜ਼ੋ ਇੱਕ ਤੰਦਰੁਸਤ ਤੇ ਨਿਰੋਗ ਸਮਾਜ ਦੀ ਸਿਰਜਣਾ ਹੋ ਸਕੇ।ਇਸ ਤੋਂ ਪਹਿਲਾਂ ਸਕੂਲ ਮੁੱਖੀ ਅਤੇ ਜ਼ੋਨ ਪ੍ਰਧਾਨ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆਂ ਨੇ ਉਹਨਾਂ ਨੂੰ ਜੀ ਆਇਆਂ ਕਿਹਾ ਅਤੇ ਚੱਲ ਰਹੀਆਂ ਖੇਡਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਸਕੱਤਰ ਹਰਕੀਰਤ ਸਿੰਘ ਮਿਨਹਾਸ ਨੇ ਦੱਸਿਆ ਕਿ ਅੱਜ ਦੇ ਮੁੰਡਿਆਂ ਦੇ ਮੁਕਾਬਲਿਆਂ ਵਿੱਚ ਵਾਲੀਬਾਲ ਦੇ 14 ਸਾਲ ਉਮਰ ਵਰਗ ਵਿੱਚ ਮਟੌਰ ਸਕੂਲ ਨੇ ਰਾਮਪੁਰ ਜੱਜਰ ਅਤੇ ਆਦਰਸ਼ ਸਕੂਲ ਨੇ ਲੋਅਰ ਦਬੂੜ ਨੂੰ ਹਰਾ ਕੇ ਫਾਇਨਲ ਵਿੱਚ ਥਾਂ ਬਣਾਈ। 17 ਸਾਲ ਉਮਰ ਵਰਗ ਵਿੱਚ ਖਾਲਸਾ ਸਕੂਲ ਨੇ ਕੀਰਤਪੁਰ ਸਾਹਿਬ ਅਤੇ ਮਟੌਰ ਨੇ ਰਾਮਪੁਰ ਜੱਜਰ ਨੂੰ ਹਰਾ ਕੇ ਫਾਇਨਲ ਵਿੱਚ ਦਾਖਲਾ ਪਾਇਆ। 19 ਸਾਲ ਉਮਰ ਵਰਗ ਵਿੱਚ ਖਾਲਸਾ ਸਕੂਲ ਨੇ ਬਾਸੋਵਾਲ ਅਤੇ ਆਦਰਸ ਸਕੂਲ ਨੇ ਕੀਰਤਪੁਰ ਸਾਹਿਬ ਨੂੰ ਹਰਾ ਕੇ ਫਾਇਨਲ ਵਿੱਚ ਥਾਂ ਬਣਾਈ।

ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਪਾਖਰ ਸਿੰਘ ਭੱਠਲ, ਤਰਲੋਚਨ ਸਿੰਘ, ਸ਼ਮਸ਼ੇਰ ਸਿੰਘ, ਅਸ਼ੋਕ ਕੁਮਾਰ, ਅਮਰਜੀਤਪਾਲ ਸਿੰਘ, ਭੁਪਿੰਦਰ ਸਿੰਘ, ਸੁਰਜੀਤ ਸਿੰਘ, ਇਕਬਾਲ ਸਿੰਘ, ਸਤੀਸ਼ ਕੁਮਾਰ, ਜ਼ਸਪਾਲ ਸਿੰਘ, ਜ਼ਸਵਿੰਦਰ ਕੌਰ, ਰਚਨ ਕੌਰ, ਦਲਜੀਤ ਸਿੰਘ, ਸੁਖਦੀਪ ਕੌਰ, ਗੁਰਪ੍ਰੀਤ ਕੌਰ, ਪਿਆਰੇ ਲਾਲ, ਗੁਰਿੰਦਰ ਸਿੰਘ ਕੰਧੋਲਾ, ਹਰੀਰਾਮ, ਸੁਮਨ ਚਾਂਦਲਾ, ਰਜੇਸ਼ ਕੁਮਾਰ, ਨੀਲਮ ਸ਼ਰਮਾ, ਸਬਰਜੀਤ ਸਿੰਘ ਸੈਣੀ, ਬਰਜਿੰਦਰ ਸਿੰਘ, ਅਣਖਪਾਲ ਸਿੰਘ, ਬਲਵਿੰਦਰ ਸਿੰਘ, ਅਮਰਜੀਤ ਸਿੰਘ ਲਾਡੀ ਆਦਿ ਅਧਿਆਪਕ ਹਾਜਰ ਸਨ।

# ਨਸ਼ਿਆਂ ਦੇ ਖਾਤਮੇ ਲਈ ਪੂਰੀ ਸੁਹਿਰਦਤਾ ਨਾਲ ਕੰਮ ਕੀਤਾ ਜਾਵੇ : ਡਿਪਟੀ ਕਮਿਸ਼ਨਰ

## ਡਿਪਟੀ ਕਮਿਸ਼ਨਰ ਵੱਲੋਂ ਨਸ਼ਾ ਮੁਕਤ ਭਾਰਤ ਮੁਹਿੰਮ ਤਹਿਤ ਜ਼ਿਲ੍ਹੇ 'ਚ ਕੰਮਕਾਜ ਦੀ ਸਮੀਖਿਆ

ਲੋਕ ਬਾਣੀ/ ਸਹੀਦ ਭਗਤ ਸਿੰਘ ਨਗਰ 29 ਅਗਸਤ (ਰਮੇਸ਼ ਸਰਮਾ/ਗੁਰਪ੍ਰੀਤ ਵਾਸੂ)



ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐੱਸ.ਐੱਸ.ਪੀ. ਡਾ ਅਖਿਲ ਚੌਧਰੀ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨਾਲ ਨਸ਼ਾ ਮੁਕਤ ਭਾਰਤ ਮੁਹਿੰਮ ਤਹਿਤ ਕੀਤੇ ਜਾ ਰਹੇ ਕੰਮਕਾਜ ਦੀ ਸਮੀਖਿਆ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਲਈ ਇਕ ਪ੍ਰਭਾਵਸ਼ਾਲੀ ਭਵਿੱਖੀ ਰਣਨੀਤੀ ਉਲੀਕਣ 'ਤੇ ਵਿਚਾਰ-ਚਰਚਾ ਕੀਤੀ। ਇਸ ਤੋਂ ਇਲਾਵਾ ਮੀਟਿੰਗ ਦੌਰਾਨ ਜ਼ਿਲ੍ਹੇ ਦੇ ਹੌਟ ਸਪਾਟ ਇਲਾਕਿਆਂ ਵਿਚ ਨੌਜਵਾਨਾਂ ਨੂੰ ਮੁਫ਼ਤ ਇਲਾਜ ਦੀ ਸਹੂਲਤ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਾਲ-ਨਾਲ ਜਾਗਰੂਕਤਾ ਗਤੀਵਿਧੀਆਂ ਤੇਜ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਨੇ ਸਿਹਤ ਵਿਭਾਗ, ਪੁਲਿਸ ਵਿਭਾਗ, ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਸਮਾਜ ਵਿੱਚੋਂ ਨਸ਼ੇ ਦੀ ਸਮੱਸਿਆ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਉਪਰਾਲੇ ਤੇਜ਼ ਕੀਤੇ ਜਾਣ। ਇਸ ਲਈ ਹਰ ਵਿਭਾਗ ਅਤੇ ਅਧਿਕਾਰੀ ਆਪਣੇ ਪੱਧਰ 'ਤੇ ਉਪਰਾਲੇ ਕਰੇ। ਉਨ੍ਹਾਂ ਕਿਹਾ ਕਿ ਜੋ ਵੀ ਨਸ਼ਾ ਰੋਗੀ ਨਸ਼ੇ ਨੂੰ ਛੱਡ ਕੇ ਆਪਣਾ ਜੀਵਨ ਨਵੇਂ ਸਿਰੇ ਤੋਂ ਸ਼ੁਰੂ ਕਰਨਾ ਚਾਹੁੰਦਾ ਹੈ, ਉਸ ਨਾਲ ਹਰ ਪੱਖੋਂ ਸਹਿਯੋਗ ਕਰਕੇ ਉਸ ਦੀ ਮਦਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਨਸ਼ਾ ਛੁਡਾਊ ਕੇਂਦਰਾਂ ਰਾਹੀਂ ਨਸ਼ਾ ਛੁਡਾਉਣ ਲਈ ਮੁਫ਼ਤ ਸਿਹਤ ਸਹੂਲਤਾਂ ਬਾਰੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ, ਤਾਂ ਜੋ ਉਹ ਨਸ਼ੇ ਨੂੰ ਤਿਆਗ ਕੇ ਸਮਾਜ ਦੀ ਮੁੱਖਧਾਰਾ ਵਿਚ ਸ਼ਾਮਲ ਹੋਣ ਅਤੇ ਆਪਣੇ ਸੂਬੇ ਅਤੇ ਮੁਲਕ ਦੀ ਤਰੱਕੀ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਉਣ।ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਲਈ ਜਾਗਰੂਕਤਾ ਗਤੀਵਿਧੀਆਂ ਨੂੰ ਹੋਰ ਤੇਜ਼ ਕੀਤਾ ਜਾਵੇ। ਨਸ਼ਿਆਂ ਦੇ ਖਾਤਮੇ ਲਈ ਸਾਂਝੇ ਯਤਨ ਕੀਤੇ ਜਾਣ, ਤਾਂ ਜੋ ਇਸ ਸਮਾਜਿਕ ਬੁਰਾਈ ਨੂੰ ਜੜ੍ਹੋਂ ਖਤਮ ਕੀਤਾ ਜਾ ਸਕੇ। ਉਨ੍ਹਾਂ ਨੇ ਨਸ਼ਾ ਛੁਡਾਊ ਕੇਂਦਰਾਂ ਦੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਬਣਾਉਣ ਦੀ ਲੋੜ @ਤੇ ਜ਼ੋਰ ਦਿੰਦਿਆਂ ਕਿਹਾ ਕਿ ਜਨਤਕ ਹਿੱਤਾਂ ਦੇ ਮੱਦੇਨਜ਼ਰ ਨਸ਼ਿਆਂ ਦੇ ਖਾਤਮੇ ਲਈ ਪੂਰੀ ਸੁਹਿਰਦਤਾ ਨਾਲ ਕੰਮ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਨਸ਼ਾ ਮੁਕਤ ਭਾਰਤ ਮੁਹਿੰਮ ਵਿਚ ਮੋਹਤਵਰ ਲੋਕਾਂ ਨੂੰ ਸਰਗਰਮ ਭਾਈਵਾਲ਼ ਬਣਦਿਆਂ ਇਸ ਮਹਤੱਵਪੂਰਨ ਕਾਰਜ ਵਿਚ ਆਪਣਾ ਬਣਦਾ ਯੋਗਦਾਨ ਪਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਸਿਹਤ ਵਿਭਾਗ ਨੂੰ ਨਸ਼ਾ ਰੋਗੀਆਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਕਾਊਂਸਲਿੰਗ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਨਸ਼ਾ ਰੋਗੀਆਂ ਦੀ ਕਾਊਂਸਲਿੰਗ ਕਰਕੇ ਉਨ੍ਹਾਂ ਨੂੰ ਹੌਲੀ-ਹੌਲੀ ਡੋਜ ਘੱਟ ਕਰਨ ਲਈ ਪ੍ਰੇਰਿਤ ਕੀਤਾ ਜਾਵੇ, ਤਾਂ ਜੋ ਉਨ੍ਹਾਂ ਦੀ ਨਸ਼ੇ ਵੱਲ ਦਿਲਚਸਪੀ ਨੂੰ ਖ਼ਤਮ ਕੀਤਾ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ਾ ਰੋਗੀਆਂ ਦੀ ਫੋਲੋਅੱਪ ਪ੍ਰਕ੍ਰਿਆ ਨੂੰ ਬਿਹਤਰ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਸਿਹਤ ਵਿਭਾਗ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਕੈਮਿਸਟ ਸਟੋਰਾਂ ਦੀ ਨਿਰੰਤਰ ਜਾਂਚ ਯਕੀਨੀ ਬਣਾਈ ਜਾਵੇ।

ਨਸ਼ੇ ਦੀਆਂ ਗੋਲੀਆਂ ਦੀ ਵਿਕਰੀ 'ਤੇ ਨਕੇਲ ਕੱਸਣ ਲਈ ਜ਼ਿਲ੍ਹੇ ਦੇ ਕੈਮਿਸਟ ਸਟੋਰਾਂ ਦੀ ਇੰਸਪੈਕਸ਼ਨ ਹੋਰ ਸਖਤ ਕੀਤੀ ਜਾਵੇ।ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਜ਼ਿਲ੍ਹਾ ਮਨੋਵਿਗਿਆਨੀ ਡਾ. ਰਾਜਨ ਸਾਸ਼ਤਰੀ, ਜ਼ਿਲ੍ਹਾ ਡਰੱਗ ਇੰਸਪੈਕਟਰ ਮਨਪ੍ਰੀਤ ਸਿੰਘ, ਪੰਜਾਬ ਗੁਡ ਗਵਰਨਸ ਫੈਲੋ ਸੰਜਨਾ ਸਕਸੈਨਾ, ਬੀ.ਡੀ.ਪੀ.ਓਜ਼ ਤੋਂ ਇਲਾਵਾ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਮੌਜੂਦ ਸਨ।



## ਕਬੱਡੀ ਅੰਡਰ 19 'ਚ ਅਤਲਾ ਕਲਾਂ ਅਤੇ ਅੰਡਰ 17 'ਚ ਜੋਗਾ ਸਕੂਲ ਦੇ ਮੁੰਡੇ ਜੇਤੂ ਰਹੇ

ਲੋਕ ਬਾਣੀ/ ਜੋਗਾ, 29 ਅਗਸਤ

ਜੋਨ ਜੋਗਾ ਦੀਆਂ ਗਰਮ ਰੁੱਤ ਸਕੂਲ ਖੇਡਾਂ ਦੇ ਸਸਸ ਉੱਭਾ ਬੁਰਜ ਢਿੱਲਵਾਂ ਵਿਖੇ ਚੱਲ ਰਹੇ ਖੇਡ ਮੁਕਾਬਲਿਆਂ ਵਿੱਚ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਲਈ ਅਵਤਾਰ ਸਿੰਘ ਜੋਨ ਪ੍ਰਧਾਨ, ਪ੍ਰਿੰਸੀਪਲ ਵਿਕਾਸ ਸ਼ਰਮਾ ਅਲਪਾਇਨ ਵੈਲੀ ਅਤੇ ਰਾਜ ਕੁਮਾਰ ਪ੍ਰਿੰਸੀਪਲ ਗਲੋਬਲ ਅਕੈਡਮੀ ਉੱਭਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ॥ ਜੋਨ ਸਕੱਤਰ ਪੀਟੀਆਈ ਵਿਨੋਦ ਕੁਮਾਰ ਨੇ ਦੱਸਿਆ ਕਿ ਪੀ.ਟੀ.ਆਈ. ਬਲਦੇਵ ਸਿੰਘ ਦੀ ਅਗਾਵਾਈ ਹੇਠ ਕਰਵਾਏ ਗਏ ਮੁਕਾਬਲਿਆਂ ਵਿੱਚ ਨੈੱਟਬਾਲ ਅੰਡਰ 17 ਵਿੱਚ ਸਸਸ ਜੋਗਾ (ਮੁੰਡੇ) ਨੇ ਪਹਿਲਾ, ਸਸਸ ਅਤਲਾ ਕਲਾਂ ਨੇ ਦੂਸਰਾ ਅਤੇ ਸਨਾਵਰ ਸਮਾਰਟ ਸਕੂਲ ਭੁਪਾਲ ਨੇ ਤੀਜਾ, ਅੰਡਰ 14 ਵਿੱਚ ਸਸਸ ਜੋਗਾ (ਮੁੰਡੇ) ਨੇ ਪਹਿਲਾ, ਸਹਸ ਬੁਰਜ ਝੱਬਰ ਨੇ ਦੂਜਾ ਅਤੇ ਸਹਸ ਮਾਖਾ ਨੇ ਤੀਸਰਾ, ਅੰਡਰ 19 ਸਾਲ ਵਿੱਚ ਸਨਾਵਰ ਸਮਾਰਟ ਸਕੂਲ ਭੁਪਾਲ ਨੇ ਪਹਿਲਾ, ਗੁਰੂਕੁਲ ਅਕੈਡਮੀ ਉੱਭਾ ਨੇ ਦੂਸਰਾ ਅਤੇ ਮਾਈ ਭਾਗੋ ਸਕੂਲ ਰੱਲਾ ਨੇ ਤੀਸਰਾ, ਕਬੱਡੀ ਅੰਡਰ 14 ਸਾਲ ਵਿੱਚ ਆਦਰਸ਼ ਸਕੂਲ ਭੁਪਾਲ ਨੇ ਪਹਿਲਾ, ਸਸਸ ਬੁਰਜ ਹਰੀ ਨੇ ਦੂਸਰਾ ਅਤੇ ਸਸਸ ਅਤਲਾ ਕਲਾਂ ਨੇ ਤੀਸਰਾ, ਅੰਡਰ 17 ਸਾਲ ਸਸਸ ਜੋਗਾ (ਮੁੰਡੇ) ਨੇ ਪਹਿਲਾ, ਬਾਬਾ ਫਰੀਦ ਅਕੈਡਮੀ ਉੱਭਾ ਨੇ ਦੂਸਰਾ ਅਤੇ ਸਸਸ ਉੱਭਾ ਬੁਰਜ ਢਿੱਲਵਾਂ ਨੇ ਤੀਸਰਾ, ਅੰਡਰ 19 ਵਿੱਚ ਸਸਸ ਅਤਲਾ ਕਲਾਂ ਨੇ ਪਹਿਲਾ, ਗੁਰੂਕੂਲ ਅਕੈਡਮੀ ਉੱਭਾ ਨੇ ਦੂਸਰਾ ਅਤੇ ਮਾਈ ਭਾਗੋ ਸਕੂਲ ਰੱਲਾ ਨੇ ਤੀਸਰਾ , ਖੋ ਖੋ ਅੰਡਰ 14 ਵਿੱਚ ਸਸਸ ਉੱਭਾ ਬੁਰਜ ਢਿੱਲਵਾਂ, ਗੁਰੂਕੁਲ ਅਕੈਡਮੀ ਉੱਭਾ ਅਤੇ ਆਦਰਏਸ਼ ਸਕੂਲ ਭੁਪਾਲ ਨੇ ਤੀਸਰਾ, ਅੰਡਰ 17 ਵਿੱਚ ਸਸਸ ਅਤਲਾ ਕਲਾਂ ਨੇ ਪਹਿਲਾ, ਆਦਰਸ਼ ਸਕੂਲ ਭੁਪਾਲ ਨੇ ਦੂਸਰਾ ਅਤੇ ਸਹਸ ਭੁਪਾਲ ਨੇ ਤੀਸਰਾ, ਅੰਡਰ 14 ਰੱਸਾਕਸੀ ਵਿੱਚ ਗੁਰੂਕੁਲ ਅਕੈਡਮੀ ਨੇ ਪਹਿਲਾ, ਸਨਾਵਰ ਸਕੂਲ ਭੁਪਾਲ ਨੇ ਦੂਸਰਾ ਅਤੇ ਅਲੀਸ਼ੇਰ ਕਲਾਂ ਨੇ ਤੀਸਰਾ, ਅੰਡਰ 17 ਵਿੱਚ ਗਲੋਬਲ ਅਕੈਡਮੀ ਨੇ ਪਹਿਲਾ, ਗੁਰੂਕੁਲ ਅਕੈਡਮੀ ਨੇ ਦੂਸਰਾ ਅਤੇ ਅਤਲਾ ਕਲਾਂ ਨੇ ਤੀਸਰਾ, ਅੰਡਰ 19 ਸਾਲ ਸਨਾਵਰ ਸਮਾਰਟ ਸਕੂਲ ਭੁਪਾਲ ਨੇ ਪਹਿਲਾ, ਮਾਈ ਭਾਗੋ ਸਕੂਲ ਰੱਲਾ ਨੇ ਦੂਸਰਾ ਅਤੇ ਗੁਰੂਕੁਲ ਅਕੈਡਮੀ ਸਕੂਲ ਉੱਭਾ ਨੇ ਤੀਸਰਾ, ਅੰਡਰ 14 ਲੜਕੇ ਵਿੱਚ ਰੈਨੇਸਾ ਸਕੂਲ ਤਾਮਕੋਟ ਨੇ ਪਹਿਲਾ, ਸਹਸ ਰੜ੍ਹ ਨੇ ਦੂਸਰਾ, ਗਲੋਬਲ ਅਕੈਡਮੀ ਅਕਲੀਆਂ ਨੇ ਤੀਸਰਾ, ਅੰਡਰ 17 ਸਾਲ ਵਿੱਚ ਬਾਬਾ ਫਰੀਦ ਅਕੈਡਮੀ ਉੱਭਾ ਨੇ ਪਹਿਲਾ, ਦਾ ਰੈਨੇਸਾ ਸਕੂਲ ਤਾਮਕੋਟ ਨੇ ਦੂਸਰਾ, ਸਹਸ ਰੜ੍ਹ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਦਰਸ਼ਨ ਸਿੰਘ ਕਨਵੀਨਰ ਖੋ-ਖੋ, ਜਸਵਿੰਦਰ ਕੌਰ ਕਨਵੀਨਰ ਬੈਡਮਿੰਟਨ ਤੇ ਰੱਸਾਕਸੀ, ਸਰਬਜੀਤ ਕੌਰ ਕਨਵੀਨਰ ਕਬੱਡੀ, ਵੀਰਪਾਲ ਕੌਰ ਨੈੱਟਬਾਲ ਕਨਵੀਨਰ, ਹਰਦੀਪ ਸਿੰਘ ਜੋਗਾ, ਸਮਰਜੀਤ ਸਿੰਘ ਬੱਬੀ, ਪਾਲਾ ਸਿੰਘ ਸਹਾਇਕ ਸਕੱਤਰ, ਰਾਜਦੀਪ ਸਿੰਘ, ਪੀ.ਟੀ.ਆਈ. ਬਲਦੇਵ ਸਿੰਘ, ਗਗਨਦੀਪ ਕੌਰ, ਅਮਨਦੀਪ ਕੌਰ, ਰਾਜਿੰਦਰ ਕੌਰ, ਰਮਨਦੀਪ ਕੌਰ ਰੈਨੇਸਾ, ਰਮਨਦੀਪ ਕੌਰ ਜੋਗਾ, ਕੁਲਵਿੰਦਰ ਸਿੰਘ ਅਕਲੀਆ, ਗੁਰਜਿੰਦਰ ਸਿੰਘ ਖਿਆਲਾ, ਗੁਰਪ੍ਰੀਤ ਸਿੰਘ, ਮਨਪ੍ਰੀਤ ਸਿੰਘ ਅਲੀਸ਼ੇਰ ਕਲਾਂ, ਜਗਸੀਰ ਸਿੰਘ ਝੱਬਰ, ਮਨਜੀਤ ਸਿੰਘ ਜਟਾਣਾ, ਰਾਜਨਦੀਪ ਸਿੰਘ ਮਾਖਾ, ਸ਼ਰਨਜੀਤ ਸਿੰਘ ਭੁੱਲਰ, ਹੈਪੀ ਸਿੰਘ, ਇੰਦਰਜੀਤ ਸਿੰਘ, ਮਨਪ੍ਰੀਤ ਸਿੰਘ, ਮਨਦੀਪ ਸਿੰਘ ਜੋਗਾ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਰੱਖੜੀ ਦਾ ਤਿਉਹਾਰ ਮਨਾਇਆ

ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ 29 ਅਗਸਤ (ਦਵਿੰਦਰਪਾਲ ਸਿੰਘ)



ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਅਤੇ ਮੈਂਬਰ ਇੰਚਾਰਜ ਸਾਹਿਬਾਨ ਸ. ਇਕਬਾਲ ਸਿੰਘ ਲਾਲਪੁਰਾ (ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸ਼ਨ), ਡਾ. ਪ੍ਰਭਜੋਤ ਕੌਰ (ਰਿਟਾ. ਪ੍ਰਿੰਸੀਪਲ), ਸ. ਇੰਦਰਜੀਤ ਸਿੰਘ (ਉੱਘੇ ਸਮਾਜ ਸੇਵੀ), ਸ. ਗੁਰਮਿੰਦਰ ਸਿੰਘ ਭੁੱਲਰ, ਡਾਇਰੈਕਟਰ ਐਜੂਕੇਸ਼ਨ) ਜੀ ਦੀ ਯੋਗ ਅਗਵਾਈ ਹੇਠ ਚੱਲ ਰਹੇ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਵਿਖੇ ਭੈਣ ਭਰਾ ਦੇ ਪਵਿੱਤਰ ਰਿਸ਼ਤੇ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਦੇ ਰਾਖੀ ਮੇਕਿੰਗ, ਕਾਰਡ ਮੇਕਿੰਗ, ਚਾਰਟ ਮੇਕਿੰਗ ਮੁਕਾਬਲੇ ਕਰਵਾਏ ਗਏ। ਸਕੂਲੀ ਵਿਦਿਆਰਥਣਾਂ ਨੇ ਵਿਦਿਆਰਥੀਆਂ ਦੇ ਰੱਖੜੀ ਬੰਨ੍ਹ ਕੇ ਭੈਣ ਭਰਾ ਦੇ ਪਵਿੱਤਰ ਰਿਸ਼ਤੇ ਦੀ ਝਲਕ ਪੇਸ਼ ਕੀਤੀ। ਸਕੂਲ ਇੰਚਾਰਜ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੇ ਇਤਿਹਾਸ ਅਤੇ ਮਹੱਤਤਾ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਨਿਸ਼ਾ ਗਰਗ, ਮਮਤਾ ਦੇਵੀ, ਨਰਿੰਦਰ ਕੌਰ, ਸੰਦੀਪ ਕੌਰ, ਸ਼ਾਂਤੀ ਦੇਵੀ,ਕੰਵਲਜੀਤ ਕੌਰ, ਰਜਿੰਦਰ ਕੌਰ, ਸਤਿੰਦਰ ਕੌਰ, ਆਂਸ਼ੂ,ਦੀਪਾਂਜਲੀ, ਹਰਿੰਦਰ ਕੌਰ, ਰਵੀਇੰਦਰ ਕੌਰ, ਮਨਜੀਤ ਕੌਰ, ਸਪਨਾ ਰਾਣੀ, ਜਸਪ੍ਰੀਤ ਕੌਰ, ਅਮਰਜੀਤ ਕੌਰ, ਕਰਮਜੀਤ ਕੌਰ, ਰਾਕੇਸ਼ ਬੇਦੀ ਆਦਿ ਕੰਵਲਜੀਤ ਕੌਰ, ਰਜਿੰਦਰ ਕੌਰ, ਦੀਪਾਂਜਲੀ, ਹਾਜ਼ਰ ਸਨ।

## ਡਿਪਸ ਦੇ ਬੱਚਿਆਂ ਨੇ ਰਾਖੀ ਬਣਾ ਕੇ ਆਪਣੇ ਭੈਣਾਂ-ਭਰਾਵਾਂ ਲਈ ਆਪਣੇ ਪਿਆਰ ਦਾ ਪ੍ਰਗਟਾਵਾ ਕੀਤਾ

ਲੋਕ ਬਾਣੀ



ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਦੀ ਮਹੱਤਤਾ ਨੂੰ ਬਰਕਰਾਰ ਰੱਖਣ ਲਈ ਡਿਪਸ ਚੇਨ ਦੇ ਸਮੂਹ ਸਕੂਲਾਂ ਵਿੱਚ ਰੱਖੜੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਨਰਸਰੀ ਤੋਂ ਲੈ ਕੇ ਚੌਥੀ ਜਮਾਤ ਤੱਕ ਦੀਆਂ ਵਿਦਿਆਰਥਣਾਂ ਨੇ ਕਾਰਟੂਨ, ਚਾਕਲੇਟ, ਸਪੈਸ਼ਲ ਚਰਿੱਤਰ ਥੀਮ ਨਾਲ ਆਪਣੇ ਭਰਾਵਾਂ ਲਈ ਰੱਖੜੀ ਬਣਾਈ ਅਤੇ ਪੂਜਾ ਦੀ ਥਾਲੀ ਵੀ ਸਜਾਈ। ਪੰਜਵੀਂ ਤੋਂ ਸੱਤਵੀਂ ਜਮਾਤ ਦੀਆਂ ਭੈਣਾਂ ਨੇ ਆਪਣੇ ਭਰਾਵਾਂ ਲਈ ਵਿਸ਼ੇਸ਼ ਰੱਖੜੀ ਕਾਰਡ ਬਣਾਏ। ਉਸਨੇ ਕਾਰਡ 'ਤੇ ਪਿਆਰ ਭਰੇ ਸੰਦੇਸ਼ ਲਿਖਦੇ ਹੋਏ ਇਸ ਨੂੰ ਗੋਟਾ ਪੱਟੀ, ਮੋਤੀਆਂ, ਰੰਗਾਂ ਨਾਲ ਸਜਾਇਆ।

ਅੱਠਵੀਂ ਤੋਂ 12ਵੀਂ ਜਮਾਤ ਦੀਆਂ ਭੈਣਾਂ ਨੇ ਆਪਣੇ ਭਰਾਵਾਂ ਲਈ ਪਿਆਰ ਜ਼ਾਹਰ ਕਰਦੇ ਹੋਏ ਪ੍ਰੇਮ ਪੱਤਰ ਲਿਖ ਕੇ ਉਨ੍ਹਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ। ਸਾਰੇ ਭਰਾਵਾਂ ਨੇ ਆਪਣੀਆਂ ਭੈਣਾਂ ਦਾ ਧੰਨਵਾਦ ਪੱਤਰ ਲਿਖਿਆ ਅਤੇ ਆਪਣੀਆਂ ਛੋਟੀਆਂ ਵੱਡੀਆਂ ਭੈਣਾਂ ਨੂੰ ਹਮੇਸ਼ਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲਾਂ ਨੇ ਬੱਚਿਆਂ ਨੂੰ ਰੱਖੜੀ ਦੇ ਤਿਉਹਾਰ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਤਿਉਹਾਰ ਭੈਣ-ਭਰਾ ਦੇ ਪਿਆਰ ਦਾ ਪ੍ਰਤੀਕ ਹੈ। ਭੈਣ ਭਰਾ ਨੂੰ ਰੱਖੜੀ ਬੰਨ੍ਹ ਕੇ ਜੀਵਨ ਭਰ ਹਰ ਸੁੱਖ-ਦੁੱਖ ਵਿੱਚ ਉਸ ਦੇ ਨਾਲ ਰਹਿਣ ਦਾ ਵਚਨ ਮੰਗਦੀ ਹੈ। ਇਸ ਤਿਉਹਾਰ ਨਾਲ ਕਈ ਕਥਾਵਾਂ ਜੁੜੀਆਂ ਹੋਈਆਂ ਹਨ।

ਐਮਡੀ ਸਰਦਾਰ ਤਰਵਿੰਦਰ ਸਿੰਘ ਅਤੇ ਸੀਈਓ ਮੋਨਿਕਾ ਮੰਡੋਤਰਾ ਨੇ ਸਮੂਹ ਸਟਾਫ਼ ਅਤੇ ਬੱਚਿਆਂ ਨੂੰ ਇਸ ਤਿਉਹਾਰ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਇਸ ਤਿਉਹਾਰ ਨੂੰ ਆਪਣੇ ਪਰਿਵਾਰਾਂ ਨਾਲ ਪੂਰੇ ਪਿਆਰ ਨਾਲ ਮਨਾਉਣ ਲਈ ਪ੍ਰੇਰਿਤ ਕੀਤਾ।

# ਬਲਜਿੰਦਰ ਕੌਰ ਕਲਸੀ ਜੀ ਦੀ ਪਲੇਠੀ ਕਿਤਾਬ ਮੈਂ ਤੇ ਗੀਤ ਦਾ ਲੋਕ ਅਰਪਣ ਸਮਾਗਮ



ਬਲਜਿੰਦਰ ਕੌਰ ਕਲਸੀ ਜੀ ਦੀ ਪਲੇਠੀ ਕਿਤਾਬ ਮੈਂ ਤੇ ਗੀਤ ਦਾ ਲੋਕ ਅਰਪਣ 27 ਅਗਸਤ 2023 ਨੂੰ ਮੋਗਾ ਸ਼ਹਿਰ ਵਿੱਚ ਚੋਖਾ ਅੰਪਾਇਰ ਵਿਖੇ ਬਹੁਤ ਹੀ ਵੱਡੇ ਪੱਧਰ ਤੇ ਕੀਤਾ ਗਿਆ। ਕਿਤਾਬ ਦੇ ਸਿਰਲੇਖ ਵਿੱਚ ਗੀਤ ਸ਼ਬਦ ਉੱਨਾਂ ਦੀ ਧੀ ਦਾ ਨਾਮ ਹੈ। ਜੋ ਕਲਸੀ ਭੈਣ ਜੀ ਦਾ ਆਪਣੀ ਧੀ ਨਾਲ ਬੇਸ਼ੁਮਾਰ ਪਿਆਰ ਨੂੰ ਦਰਸਾਉਂਦਾ ਹੈ। ਬਲਜਿੰਦਰ ਕੌਰ ਕਲਸੀ ਭੈਣ ਜੀ ਨੇ ਆਪਣੀ ਪਲੇਠੀ ਕਿਤਾਬ ਦੇ ਲੋਕ ਅਰਪਣ ਦਾ ਸਮਾਗਮ ਵਿੱਚ ਜਿੱਥੇ ਸਾਹਿਤਕ ਜਗਤ ਦੀਆਂ ਬਹੁਤ ਹੀ ਸਨਮਾਨਿਤ ਸ਼ਕਸਿਅਤਾਂ ਨੂੰ ਸੱਦਿਆ ਉੱਥੇ ਹੀ ਉੱਨਾਂ ਨੇ ਫ਼ਿਲਮੀ ਕਲਾਕਾਰਾਂ ਨਾਲ ਵੀ ਰੂਬਰੂ ਕਰਵਾਇਆ। ਕਲਸੀ ਭੈਣ ਜੀ ਨੇ ਸਿਆਸੀ ਸ਼ਖਸਿਅਤਾਂ ਨੂੰ ਵੀ ਸਾਹਿਤ ਨਾਲ ਜੋੜਦੇ ਹੋਏ ਇਸ ਸਮਾਗਮ ਵਿੱਚ ਸੱਦਾ ਦਿੱਤਾ। ਕਲਸੀ ਭੈਣ ਜੀ ਦੇ ਪਰਿਵਾਰਕ ਮੈਂਬਰਾਂ ਅਤੇ ਸਹੇਲੀਆਂ ਨੇ ਵੀ ਆ ਕੇ ਇਸ ਲੋਕ ਅਰਪਣ ਸਮਾਗਮ ਵਿੱਚ ਸ਼ਿਰਕੱਤ ਕੀਤੀ। ਸੋਸ਼ਲ ਮੀਡੀਆ ਦੇ ਕਲਾਕਾਰਾਂ ਨਾਲ ਵੀ ਇਸ ਸਮਾਗਮ ਵਿੱਚ ਮਿਲਣ ਦਾ ਸਬੱਬ ਬਣਿਆ। ਇਹ ਸਾਰ ਸਮਾਗਮ ਚਾਰ ਪੱਤਰਕਾਰਾਂ ਨੇ ਕਵਰ ਕੀਤਾ ਅਤੇ ਉੱਨਾਂ ਆਪਣੇ ਚੈਨਲ ਤੇ live ਵੀ ਚਲਾਇਆ। ਇਸ ਸਮਾਗਮ ਵਿੱਚ ਕਈ ਰੰਗ ਦੇਖਣ ਨੂੰ ਮਿਲੇ। ਕਲਸੀ ਭੈਣ ਜੀ ਦੀ ਸਹਿਯੋਗੀਆਂ ਨੇ ਸਮਾਗਮ ਨੂੰ ਸੰਪੂਰਣ ਤੌਰ ਤੇ ਯਾਦਗਿਰੀ ਸਮਾਗਮ ਬਣਾਉਣ ਵਿੱਚ ਕੋਈ ਕਮੀ ਨਹੀਂ ਛੱਡੀ। ਕਲਸੀ ਭੈਣ ਜੀ ਦਾ ਮਿਲਾਪੜਾ ਸੁਭਾਅ ਅਤੇ ਪਹੁੰਚੀ ਹਰ ਸ਼ਖਸਿਅਤ ਨੂੰ ਪਿਆਰ ਤੇ ਸਤਿਕਾਰ ਦੇਣਾ ਇੱਕ ਸੁਚੱਜੇ ਮੇਜ਼ਬਾਨ ਦੀ ਪਹਿਚਾਣ ਹੈ। ਪਹੁੰਚੀਆਂ ਸਭ ਸ਼ਖਸਿਅਤਾਂ ਨੂੰ ਕਲਸੀ ਭੈਣ ਜੀ ਨੇ ਮਹੁੱਬਤ ਦੇ ਨਾਲ ਬਹੁਤ ਹੀ ਪਿਆਰੇ ਤੋਹਫੇ ਦੇ ਕੇ ਵੀ ਨਿਵਾਜਿਆ। ਤੋਹਫ਼ਿਆਂ ਰਾਹੀਂ ਹਰ ਸ਼ਖ਼ਸ ਕਲਸੀ ਭੈਣ ਜੀ ਦਾ ਸਤਿਕਾਰ ਆਪਣੇ ਨਾਲ ਆਪਣੇ ਘਰ ਲੈ ਕੇ ਆਇਆ ਅਤੇ ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਬਲਜਿੰਦਰ ਕੌਰ ਕਲਸੀ ਜੀ ਦਾ ਇਹ ਲੋਕ ਅਰਪਣ ਸਮਾਗਮ ਇੱਕ ਅਨਿਖਰਵੀਂ ਛਾਪ ਛੱਡ ਗਿਆ ਹੈ।

ਬਲਜਿੰਦਰ ਕੌਰ ਕਲਸੀ ਜੀ ਨੂੰ ਉੱਨਾਂ ਦੀ ਪਲੇਠੀ ਕਿਤਾਬ ਮੈਂ ਤੇ ਗੀਤ ਲਈ ਮੇਰੇ ਵੱਲੋਂ ਢੇਰ ਸਾਰੀਆਂ ਦੁਆਵਾਂ ਅਤੇ ਉਮੀਦ ਕਰਦੀ ਹਾਂ ਕਿ ਬਹੁਤ ਜਲਦੀ ਦੁਬਾਰਾ ਭੈਣ ਜੀ ਸਾਹਿਤ ਦੇ ਝੋਲੀ ਵਿੱਚ ਆਪਣੇ ਵਿਚਾਰਾਂ ਨੂੰ ਕਿਤਾਬ ਦਾ ਰੂਪ ਦੇ ਕੇ ਪਾਉਣਗੇ।

**ਰਸ਼ਪਿੰਦਰ ਕੌਰ ਗਿੱਲ (ਲੇਖਕ, ਐਂਕਰ, ਸੰਪਾਦਕ)**
**ਪ੍ਰਧਾਨ- ਪੀਂਘਾਂ ਸੋਚ ਦੀਆਂ**
**ਸਾਹਿਤ ਮੰਚ, ਪਬਲਿਕੇਸ਼ਨ, ਵੈੱਬ ਚੈਨਲ, ਮੈਗਜ਼ੀਨ,**
**ਸਿੱਖੀ ਫਰਜ਼ ਸਕਾਲਰਸ਼ਿਪ**
**+91-9888697078**

# ਪ੍ਰਮੁੱਖ ਸਾਹਿਤਕ ਸ਼ਖਸ਼ੀਅਤਾਂ ਨੇ ਸਵ.ਹਰਬੀਰ ਸਿੰਘ ਭੰਵਰ ਦੀ ਲਿਖੀ ਅੰਤਿਮ ਪੁਸਤਕ ਅਣਪੱਤ ਭਰੇ ਰਿਸ਼ਤੇ ਕੀਤੀ ਲੋਕ ਅਰਪਣ

## ਭੰਵਰ ਸਾਹਿਬ ਦੀਆਂ ਲਿਖੀਆਂ ਪੁਸਤਕਾਂ ਤੇ ਲੇਖ ਸੱਚ ਦਾ ਸੁਨੇਹਾ-ਕਰਮਜੀਤ ਸਿੰਘ ਔਜਲਾ

ਲੋਕ ਬਾਣੀ/ ਲੁਧਿਆਣਾ,29 ਅਗਸਤ (ਕਰਨੈਲ ਸਿੰਘ ਐੱਮ ਏ)



ਪੱਤਰਕਾਰਤਾ ਦੇ ਖੇਤਰ ਵਿੱਚ ਨਿੱਧੜਕ ਤੇ ਨਿਰਪੱਖ ਪੱਤਰਕਾਰ ਦੇ ਰੂਪ ਵਜੋਂ ਆਪਣੀ ਨਿਵੇਕਲੀ ਪਹਿਚਾਣ ਬਣਾਉਣ ਵਾਲੇ ਸ.ਹਰਬੀਰ ਸਿੰਘ ਭੰਵਰ ਕੇਵਲ ਇੱਕ ਉੱਦਮੀ ਵਿਅਕਤੀ ਹੀ ਨਹੀ ਸਨ ਬਲਕਿ ਆਪਣੇ ਆਪ ਵਿੱਚ ਇੱਕ ਸੰਸਥਾ ਸਨ। ਬੇਸ਼ੱਕ ਸ੍ਰ.ਹਰਬੀਰ ਸਿੰਘ ਭੰਵਰ ਸਾਨੂੰ ਸਾਰਿਆਂ ਨੂੰ ਸਰੀਰਕ ਤੌਰ ਤੇ ਸਦੀਵੀ ਵਿਛੋੜਾ ਦੇ ਗਏ ਹਨ ਪਰ ਉਨ੍ਹਾਂ ਦੀਆਂ ਯਾਦਾਂ ਅੱਜ ਵੀ ਸਾਡੇ ਅੰਗ-ਸੰਗ ਵੱਸਦੀਆਂ ਹਨ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਪੰਜਾਬੀ ਲੇਖਕ ਤੇ ਸਿੱਖ ਚਿੰਤਕ ਸ੍ਰ.ਕਰਮਜੀਤ ਸਿੰਘ ਔਜਲਾ ਸਰਪ੍ਰਸਤ ਪੰਜਾਬੀ ਸਾਹਿਤ ਸੰਸਥਾ ਸਿਰਜਣਧਾਰਾ ਨੇ ਅੱਜ ਪੰਜਾਬੀ ਭਵਨ ਲੁਧਿਆਣਾ ਵਿਖੇ ਪੰਜਾਬੀ ਸਾਹਿਤ ਸੰਸਥਾ ਸਿਰਜਣਧਾਰਾ ਵੱਲੋਂ ਸਵ.ਹਰਬੀਰ ਸਿੰਘ ਭੰਵਰ ਦੀ ਲਿਖਤ ਆਖਰੀ ਪੁਸਤਕ ਅਣਪੱਤ ਭਰੇ ਰਿਸ਼ਤੇ ÷ਨੂੰ ਲੋਕ ਅਰਪਣ (ਰਿਲੀਜ਼) ਕਰਨ ਸੰਬੰਧੀ ਆਯੋਜਿਤ ਕੀਤੇ ਗਏ ਪ੍ਰਭਾਵਸ਼ਾਲੀ ਸਮਾਗਮ ਅੰਦਰ ਇਕੱਤਰ ਹੋਈਆਂ ਪ੍ਰਮੁੱਖ ਸਾਹਿਤਕ ਸ਼ਖਸ਼ੀਅਤਾਂ, ਲੇਖਕਾਂ, ਬੁੱਧੀਜੀਵੀਆਂ, ਪ੍ਰਮੁੱਖ ਪੱਤਰਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਸਮਾਗਮ ਅੰਦਰ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਸ਼੍ਰੀਮਤੀ ਡਾ ਗੁਰਚਰਨ ਕੌਰ ਕੋਚਰ ਪ੍ਰਧਾਨ ਸਿਰਜਣਧਾਰਾ, ਅਮਰਜੀਤ ਸਿੰਘ ਸ਼ੇਰਪੁਰੀ ਜਨ.ਸਕੱਤਰ ਤੇ ਉੱਘੇ ਪੰਜਾਬੀ ਸਾਹਿਤਕਾਰ ਸ੍ਰ.ਗੁਲਜਾਰ ਸਿੰਘ ਪੰਧੇਰ,ਸ੍ਰ.ਬਲਕੌਰ ਸਿੰਘ ਨੇ ਕਿਹਾ ਕਿ ਸਵ.ਸ੍ਰ.ਹਰਬੀਰ ਸਿੰਘ ਭੰਵਰ ਪੱਤਰਕਾਰਤਾ ਦਾ ਵੱਡਾ ਸਤੰਭ ਸੀ।ਜਿਸ ਨੇ ਹਮੇਸ਼ਾਂ ਆਪਣੀ ਕਲਮ ਰਾਹੀਂ ਪੂਰੀ ਨਿਰਪੱਖਤਾ ਤੇ ਬੇਬਾਕੀ ਨਾਲ ਆਪਣੀ ਆਵਾਜ਼ ਸਮਾਜ ਅੰਦਰ ਬੁਲੰਦ ਕੀਤੀ।ਅੱਜ ਵੀ ਉਨ੍ਹਾਂ ਦੀਆਂ ਲਿਖੀਆਂ ਪੁਸਤਕਾਂ, ਲੇਖ,ਵਿਸ਼ੇਸ਼ ਫ਼ੀਚਰ ਅਤੇ ਖ਼ਬਰਾਂ ਸਾਨੂੰ ਸੱਚ ਦੇ ਰਾਹ ਤੇ ਚੱਲਣ ਅਤੇ ਪੂਰੀ ਸੰਜੀਦਗੀ ਨਾਲ ਆਪਣੇ ਫ਼ਰਜ਼ਾਂ ਨੂੰ ਨਿਭਾਉਣ ਦਾ ਸੁਨੇਹਾ ਦੇਂਦੀਆਂ ਹਨ,ਖਾਸ ਕਰਕੇ ਉਨ੍ਹਾਂ ਵੱਲੋਂ ਆਪਣੇ ਅੰਤਿਮ ਸਮੇਂ ਲਿਖੀ ਗਈ ਪੁਸਤਕ÷ਅਣਪੱਤ ਭਰੇ ਰਿਸ਼ਤੇ÷ਲੇਖ ਸੰਗ੍ਰਹਿ (ਜਿਸ ਨੂੰ ਉਹ ਛਪਵਾ ਨਹੀਂ ਸਕੇ) ਨੂੰ ਛਪਵਾਉਣ ਦਾ ਇੱਕ ਵੱਡਾ ਸੁਪਨਾ ਸੀ।ਜਿਸ ਨੂੰ ਅੱਜ ਉਨ੍ਹਾਂ ਦੀ ਸੁਪਤਨੀ ਬੀਬੀ ਕੈਲਾਸ਼ ਭੰਵਰ ਨੇ ਹਰਬੀਰ ਸਿੰਘ ਭੰਵਰ ਦੇ ਪਰਮ ਮਿੱਤਰ ਸ੍ਰ.ਜਰਨੈਲ ਸਿੰਘ ਸੇਖਾ ਦੇ ਨਿੱਘੇ ਸਹਿਯੋਗ ਨਾਲ ਹਕੀਕੀ ਰੂਪ ਵਿੱਚ ਸੰਪੂਰਨ ਕੀਤਾ ਹੈ।ਇਸ ਦੌਰਾਨ ਸਿਰਜਣਧਾਰਾ ਦੇ ਸਰਪ੍ਰਸਤ ਸ੍ਰ.ਕਰਮਜੀਤ ਸਿੰਘ ਔਜਲਾ, ਪ੍ਰਧਾਨ ਡਾ ਗੁਰਚਰਨ ਕੌਰ ਕੋਚਰ,ਜਨ.ਸਕੱਤਰ ਅਮਰਜੀਤ ਸਿੰਘ ਸ਼ੇਰਪੁਰੀ, ਇੰਜੀ. ਸੁਖਦੇਵ ਸਿੰਘ ਲਾਜ, ਸ਼੍ਰੀਮਤੀ ਕੈਲਾਸ਼ ਭੰਵਰ,ਜੋਗਿੰਦਰ ਸਿੰਘ ਸੇਖੋਂ ਤੇ ਡਾ.ਇੰਦਰਜੀਤਪਾਲ ਕੌਰ ਭਿੰਡਰ ,ਪੰਜਾਬੀ ਗੀਤਕਾਰ ਮੰਚ ਲੁਧਿਆਣਾ ਦੇ ਪ੍ਰਧਾਨ ਸਰਬਜੀਤ ਸਿੰਘ ਵਿਰਦੀ ਵੱਲੋਂ ਸਾਂਝੇ ਤੌਰ ਤੇ ਸਵ.ਹਰਬੀਰ ਸਿੰਘ ਭੰਵਰ ਦੀ ਲਿਖੀ ਅੰਤਿਮ ਪੁਸਤਕ ਅਣਪੱਤ ਭਰੇ ਰਿਸ਼ਤੇ (ਲੇਖ ਸੰਗ੍ਰਹਿ) ਸਾਂਝੇ ਤੌਰ ਤੇ ਲੋਕ ਅਰਪਣ ਕੀਤੀ।ਇਸ ਮੌਕੇ ਉੱਘੇ ਲੇਖਕ ਸ੍ਰ.ਤੇਗ ਬਹਾਦਰ ਤੇਗ, ਹਰਦੀਪ ਢਿੱਲੋਂ , ਸੰਪੂਰਨ ਸਿੰਘ ਸਨਬ,ਸੁਰਜੀਤ ਸਿੰਘ ਜੀਤ, ਮਲਕੀਅਤ ਸਿੰਘ,ਬੀਬਾ ਪਰਮਜੀਤ ਕੌਰ ਮਹਿਕ, ਸੁਰਿੰਦਰਜੀਤ ਕੌਰ ਸਮੇਤ ਕਈ ਪ੍ਰਮੁੱਖ ਸ਼ਖਸ਼ੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਜਲ ਸਪਲਾਈ ਵਿਭਾਗ ਦੇ ਆਊਟਸੋਰਸਡ ਇੰਨਲਿਟਸਮੈਂਟ ਠੇਕਾ ਮੁਲਾਜਮਾਂ ਦੇ ਪੱਕੇ ਰੁਜਗਾਰ ਦੀ ਮੰਗ ਲਈ ਪੰਜਾਬ ਸਰਕਾਰ ਤੇ ਮਨੇਜਮੈਂਟ ਦੇ ਖਿਲਾਫ ਦਿੱਤਾ ਧਰਨਾ

## ਕੈਬਿਨੇਟ ਮੰਤਰੀ ਹਰਜੋਤ ਸਿੰਘ ਬੈਂਸ ਰਾਹੀਂ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਮੁੱਖ ਮੰਤਰੀ ਤੇ ਕੈਬਨਿਟ ਸਬ-ਕਮੇਟੀ ਨੂੰ ਭੇਜਿਆ ਪੱਤਰ

ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ, 29 ਅਗਸਤ (ਦਵਿੰਦਰਪਾਲ ਸਿੰਘ)



ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ(ਰਜਿ.ਨੰ.31) ਦੀ ਸੂਬਾ ਕਮੇਟੀ ਦੈ ਫੈਸਲੇ ਤਹਿਤ ਜਿਲ੍ਹਾ ਰੂਪਨਗਰ ਵੱਲੋਂ ਪੰਜਾਬ ਸਰਕਾਰ ਅਤੇ ਜਲ ਸਪਲਾਈ ਵਿਭਾਗ ਦੀ ਮਨੇਜਮੈਂਟ ਦੇ ਖਿਲਾਫ ਅੱਜ ਇਥੇ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸਰਦਾਰ ਹਰਜੋਤ ਸਿੰਘ ਬੈਂਸ ਦੇ ਦਫ਼ਤਰ ਅੱਗੇ ਰੋਹ ਭਰਪੂਰ ਧਰਨਾ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਤੇ ਮਨੈਜਮੇਂਟ ਦੇ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਤੇ ਮੱਖਣ ਕਾਲਸ, ਕਪਿਲ ਮਹਿੰਦਲੀ, ਗੁਰਜੀਤ ਸਿੰਘ ਸੁਰਿੰਦਰ ਕੁਮਾਰ ਨੰਗਲ, ਭਰਾਤਰੀ ਜਥੇਬੰਦੀ ਹਾਈਡਲ ਪੈਸਕੋ ਤੋਂ ਪੀਊਸ ਝਿੰਜੜੀ ਆਦਿ ਆਗੂਆਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿਚ ਪਿਛਲੇ 15-20 ਸਾਲਾਂ ਦੇ ਅਰਸੇ ਤੋਂ ਇਕ ਵਰਕਰ ਦੇ ਰੂਪ ਵਿਚ ਲਗਾਤਾਰ ਕੰਮ ਕਰਦੇ ਆਊਟਸੋਰਸਡ ਇੰਨਲਿਟਸਮੈਂਟ ਠੇਕਾ ਮੁਲਾਜਮਾਂ ਨੂੰ ਸਬੰਧਤ ਵਿਭਾਗ ਵਿਚ ਮਰਜ ਕਰਕੇ ਉਨ੍ਹਾਂ ਦੇ ਤਜਰਬੇ ਦੇ ਅਧਾਰ ਤੇ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ ਵਾਲੀ ਪ੍ਰਮੁੱਖ ਮੰਗ ਨੂੰ ਲੈ ਕੇ ਪੰਜਾਬ ਸਰਕਾਰ ਦੀ ਕੈਬਨਿਟ 'ਸਬ-ਕਮੇਟੀ' ਦੇ ਮੰਤਰੀ ਸਾਹਿਬਾਨ ਦੇ ਨਾਲ ਮਿਤੀ 21-12-2022, ਮਿਤੀ 13-02-2023 ਅਤੇ ਮਿਤੀ 05-04-2023 ਨੂੰ ਯੂਨੀਅਨ ਦੀਆਂ ਪੈਨਲ ਮੀਟਿੰਗਾਂ ਹੋ ਚੁੱਕੀਆਂ ਹਨ। ਮਿਤੀ 05-04-2023 ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਈ ਪੈਨਲ ਮੀਟਿੰਗ 'ਚ ਕੈਬਨਿਟ ਸਬ-ਕਮੇਟੀ ਵਲੋਂ ਯੂਨੀਅਨ ਦੀ ਉਪਰੋਕਤ ਮੰਗ ਮੁਤਾਬਕ ਪ੍ਰਪੋਜਲ(ਕੇਸ) ਤਿਆਰ ਕਰਕੇ ਮਈ 2023 ਮਹੀਨੇ ਦੇ ਪਹਿਲੇ ਹਫਤੇ ਤੱਕ ਸਰਕਾਰ ਦੀ ਸਬ-ਕਮੇਟੀ ਕੋਲ ਸਮਬਿਟ ਕਰਵਾਉਣ ਦੇ ਲਈ ਵਿਭਾਗੀ ਮੰਤਰੀ ਸ੍ਰੀ ਬ੍ਰਹਮ ਸ਼ੰਕਰ ਜਿੰਪਾ ਅਤੇ ਵਿਭਾਗ ਦੇ ਪ੍ਰਮੁੱਖ ਸਕੱਤਰ, ਮਾਨਯੋਗ ਵਿਭਾਗੀ ਮੁਖੀ ਸਮੇਤ ਹੋਰ ਵਿਭਾਗੀ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਸਨ। ਪਰ ਤ੍ਰਾਸਦੀ ਇਹ ਹੈ ਕਿ ਵਿਭਾਗੀ ਮੁਖੀ, ਜਸਸ ਵਿਭਾਗ ਵੱਲੋਂ ਪੰਜਾਬ ਸਰਕਾਰ ਦੀ ਕੈਬਨਿਟ ਸਬ-ਕਮੇਟੀ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਗਈ ਹੈ ਕਿਉਕਿ ਵਿਭਾਗੀ ਅਧਿਕਾਰੀਆਂ ਵੱਲੋਂ ਆਪਣੇ ਪੱਧਰ 'ਤੇ ਆਊਟਸੋਰਸਡ ਇੰਨਲਿਟਸਮੈਂਟ ਠੇਕਾ ਮੁਲਾਜਮਾਂ ਨੂੰ ਵਿਭਾਗ 'ਚ ਅਧੀਨ ਲੈਣ ਵਾਸਤੇ ਪ੍ਰਪੋਜਲ ਤਿਆਰ ਕਰਕੇ ਲਗਭਗ 4 ਮਹੀਨੇ ਬੀਤ ਜਾਣ ਦੇ ਬਾਵਜੂਦ ਕੈਬਨਿਟ ਸਬ-ਕਮੇਟੀ ਕੋਲ ਨਹੀਂ ਭੇਜੀ ਗਈ ਹੈ ਅਤੇ ਪੰਜਾਬ ਸਰਕਾਰ ਅਤੇ ਵਿਭਾਗੀ ਮੁਖੀ, ਜਸਸ ਵਿਭਾਗ ਵੱਲੋਂ 'ਲਾਰੇ ਲਗਾਓ ਅਤੇ ਡੰਗ ਟਪਾਓ' ਵਾਲੀ ਨੀਤੀ ਅਪਣਾਈ ਹੋਈ ਹੈ ਉਥੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਆਊਟਸੋਰਸਡ ਇੰਨਲਿਟਸਮੈਂਟ ਠੇਕਾ ਮੁਲਾਜਮਾਂ ਦੇ ਕੱਚੇ ਪਿੱਲੇ ਰੁਜਗਾਰ ਨੂੰ ਖੋਹਣ ਲਈ ਅਤੇ ਜਸਸ ਵਿਭਾਗ ਦਾ ਨਿੱਜੀਕਰਨ/ਪੰਚਾਇਤੀਕਰਨ ਕਰਨ ਦੀਆਂ ਲੋਕ ਵਿਰੋਧੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਆਮ ਲੋਕਾਂ ਦਾ ਟੈਕਸ ਰੂਪੀ 28 ਕਰੋੜ 98 ਲੱਖ 21 ਹਜਾਰ ਰੁਪਏ ਦੀ ਲਾਗਤ ਨਾਲ ਸਾਰੇ ਪੰਜਾਬ ਵਿਚ 1091 ਵਾਟਰ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ ਨਿੱਜੀਕਰਨ ਕਰਨ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਸਕਾਡਾ ਸਿਸਟਮ ਲਗਾ ਕੇ ਵਾਟਰ ਸਪਲਾਈ ਸਕੀਮਾਂ ਲੋਕਾਂ ਦੀ ਅੰਨ੍ਹੀ ਲੁੱਟ ਕਰਵਾਉਣ ਲਈ ਕਾਰਪੋਰੇਟ ਘਰਾਣਿਆ ਨੂੰ ਸੌਂਪ ਦਿੱਤੀਆਂ ਜਾਣਗੀਆਂ। ਜਿਸ ਨਾਲ 4500 ਦੇ ਕਰੀਬ ਸਾਲਾਂਬੱਧੀ ਅਰਸ਼ੇ ਤੋਂ ਸੇਵਾਵਾਂ ਦੇ ਰਹੇ ਠੇਕਾ ਮੁਲਾਜਮਾਂ ਦੇ ਕੱਚੇ-ਪਿੱਲੇ ਰੁਜਗਾਰ ਨੂੰ ਖੋਹ ਕੇ ਬੇਰੁਜਗਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜੋ ਸਾਡੀ ਯੂਨੀਅਨ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰੇਗੀ ਅਤੇ ਵਰਕਰਾਂ ਦੇ ਰੁਜਗਾਰ ਨੂੰ ਪੱਕਾ ਤੇ ਸੁਰੱਖਿਅਤ ਕਰਵਾਉਣ ਤੱਕ ਸ਼ਾਂਤਮਈ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਅੱਜ ਪੰਜਾਬ ਸਰਕਾਰ, ਕੈਬਨਿਟ ਸਬ-ਕਮੇਟੀ ਦੇ ਮੰਤਰੀ ਸਾਹਿਬਾਨ ਅਤੇ ਵਿਭਾਗ ਦੇ ਕੈਬਨਿਟ ਮੰਤਰੀ ਨੂੰ ਮੰਗ ਪੱਤਰ ਭੇਜ ਕੇ ਯੂਨੀਅਨ ਵੱਲੋਂ ਮੰਗ ਕੀਤੀ ਗਈ ਕਿ ਜਸਸ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜਮਾਂ ਨੂੰ ਤਜਰਬੇ ਦੇ ਅਧਾਰ ਤੇ ਸਬੰਧਤ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜਗਾਰ ਦਾ ਪ੍ਰਬੰਧ ਕੀਤਾ ਜਾਵੇ, ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਵੱਲੋਂ ਠੇਕਾ ਮੁਲਾਜਮਾਂ ਦੀਆਂ ਤਨਖਾਹਾਂ ਘਟਾਉਣ ਲਈ ਜਾਰੀ ਕੀਤੇ ਗਏ ਪੱਤਰ ਨੂੰ ਰੱਦ ਕੀਤਾ ਜਾਵੇ, ਮਲੇਰਕੋਟਲਾ 'ਚ ਕੰਮ ਕਰਦੇ ਜਸਸ ਵਿਭਾਗ ਦੇ ਇਨਲਿਸਟਮੈਂਟ ਵਰਕਰਾਂ ਦੀ ਤਨਖਾਹ 'ਚ ਵਾਧਾ ਕੀਤਾ ਜਾਵੇ, ਸਮੇਤ 'ਮੰਗ-ਪੱਤਰ' ਵਿਚ ਦਰਜ ਤਮਾਮ ਮੰਗਾਂ ਦਾ ਹੱਲ ਤੁਰੰਤ ਕੀਤਾ ਜਾਵੇ। ਜੇਕਰ ਸਾਡੀਆ ਮੰਗਾਂ ਦਾ ਹੱਲ ਕਰਨ ਵਿਚ ਅਣਦੇਖੀ ਕੀਤੀ ਗਈ ਤਾਂ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ(ਰਜਿ.31) ਵੱਲੋਂ ਸੰਗਰੂਰ ਵਿਚ ਮਿਤੀ 4 ਸਤੰਬਰ 2023 ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਅੱਗੇ ਪਰਿਵਾਰ ਤੇ ਬੱਚਿਆ ਸਮੇਤ ਪੂਰ ਅਮਨ ਢੰਗ ਨਾਲ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ। ਜਿਸਦੀ ਜੁੰਮੇਵਾਰੀ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਅਤੇ ਵਿਭਾਗੀ ਅਧਿਕਾਰੀਆਂ ਦੀ ਹੋਵੇਗੀ। ਇਸ ਮੌਕੇ ਤੇ ਵੱਡੀ ਗਿਣਤੀ ਵਿਚ ਵਰਕਰ ਹਾਜ਼ਰ ਸਨ।

# ਪਿੰਡ ਠੱਠੀ ਦੇ 100 ਤੋਂ ਵੱਧ ਪਰਿਵਾਰ ਕਾਂਗਰਸ 'ਚ ਹੋਏ ਸ਼ਾਮਲ

**ਲੋਕ ਬਾਣੀ/ ਦੀਨਾਨਗਰ, 29 ਅਗਸਤ ( ਡਾ.ਰਮੇਸ਼ ਸਰੰਗਲ )**





ਪਿੰਡ ਠੱਠੀ ਵਿੱਚ ਕਾਂਗਰਸ ਪਾਰਟੀ ਨੂੰ ਅੱਜ ਉਸ ਵੇਲੇ ਤਕੜਾ ਹੁੰਗਾਰਾ ਮਿਲਿਆ ਜਦੋਂ ਸਰਗਰਮ ਆਗੂ ਅਜੀਤ ਸਿੰਘ ਭਾਟੀਆ, ਤਿਲਕ ਰਾਜ, ਰਾਣਾ ਨਾਰੰਗਪੁਰ, ਪੰਚ ਰੇਖਾ ਰਾਣੀ, ਕੋਆਰਡੀਨੇਟਰ ਦਿਨੇਸ਼ ਕਾਹਨਾ, ਹਰਬੰਸ ਸਿੰਘ, ਸਰਪੰਚ ਸੁਰਿੰਦਰ ਪਾਲ ਸਿੰਘ, ਨਰਿੰਜਣ ਸਿੰਘ ਅਤੇ ਜਤਿੰਦਰ ਸਿੰਘ ਜੈਨਪੁਰ ਦੀ ਅਗਵਾਈ ਵਿੱਚ ਪਿੰਡ ਦੇ 100 ਤੋਂ ਵੱਧ ਪਰਿਵਾਰਾਂ ਨੇ ਵਿਧਾਇਕਾ ਅਰੁਨਾ ਚੌਧਰੀ ਦੀ ਰਹਿਨੁਮਾਈ ਕਬੂਲਦਿਆਂ ਕਾਂਗਰਸ ਪਾਰਟੀ ਜੁਆਇਨ ਕਰ ਲਈ। ਇੱਥੇ ਪਿੰਡ ਦੇ ਲੋਕਾਂ ਵੱਲੋਂ ਇੱਕ ਸਾਧਾਰਣ ਮੀਟਿੰਗ ਰੱਖੀ ਗਈ ਸੀ ਪਰ ਦੇਖਦੇ ਹੀ ਦੇਖਦੇ ਮੀਟਿੰਗ ਨੇ ਇੱਕ ਵੱਡੀ ਰੈਲੀ ਦਾ ਰੂਪ ਧਾਰਨ ਕਰ ਲਿਆ ਅਤੇ ਵਿਧਾਇਕਾ ਅਰੁਨਾ ਚੌਧਰੀ ਨੂੰ ਮਿਲਣ ਤੇ ਉਨ੍ਹਾਂ ਦੇ ਵਿਚਾਰ ਸੁਣਨ ਲਈ ਠੱਠੀ ਤੋਂ ਇਲਾਵਾ ਆਸਪਾਸ ਦੇ ਪਿੰਡਾਂ ਤੋਂ ਵੀ ਲੋਕ ਪੰਹੁਚ ਗਏ। ਜਿਨ੍ਹਾਂ ਦੇ ਬੈਠਣ ਲਈ ਵੀ ਜਗ੍ਹਾ ਥੋੜ ?ੀ ਪੈ ਗਈ। ਇਸ ਦੌਰਾਨ ਸਾਬਕਾ ਕੈਬਨਿਟ ਮੰਤਰੀ ਅਰੁਨਾ ਚੌਧਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨਾ ਹੋਣ ਦੇ ਬਾਵਜੂਦ ਲੋਕਾਂ ਦਾ ਇਹ ਹਜ਼ੂਮ ਦਰਸਾਉਂਦਾ ਹੈ ਕਿ ਹਲਕੇ ਦੀ ਜਨਤਾ ਉਨ੍ਹਾਂ ਨੂੰ ਕਿੰਨਾ ਪਿਆਰ ਤੇ ਵਿਸ਼ਵਾਸ ਕਰਦੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਆਮ ਆਦਮੀ ਪਾਰਟੀ ਨੇ ਸੂਬੇ ਅੰਦਰ ਬਦਲਾਅ ਲਿਆਉਣ ਦਾ ਝੂਠਾ ਦਾਅਵਾ ਕਰਕੇ ਲੋਕਾਂ ਨੂੰ ਮਗਰ ਲਗਾ ਲਿਆ ਪਰ ਜਨਤਾ ਨੂੰ ਡੇਢ ਸਾਲ ਦੇ ਅੰਦਰ ਹੀ ਸਰਕਾਰ ਦੀ ਕਹਿਣੀ ਤੇ ਕਰਨੀ ਵਿੱਚ ਫ਼ਰਕ ਸਮਝ ਆ ਗਿਆ ਹੈ ਅਤੇ ਲੋਕ ਹੁਣ ਮੁਡ ? ਕਾਂਗਰਸ ਪਾਰਟੀ ਵੱਲ ਮੁਡ ?ਣ ਲੱਗੇ ਹਨ। ਉਨ੍ਹਾਂ ਕਿਹਾ ਕਿ ਦੀਨਾਨਗਰ ਹਲਕੇ ਅੰਦਰ ਅੱਜ ਵੀ ਉਨ੍ਹਾਂ ਦੇ ਕੰਮ ਬੋਲਦੇ ਹਨ। ਅਰੁਨਾ ਚੌਧਰੀ ਨੇ ਕਿਹਾ ਕਿ ਲੀਡਰ ਉਹ ਹੁੰਦਾ ਜਿਸਨੂੰ ਜਨਤਾ ਚੁਣੇ। ਉਨ੍ਹਾਂ ਕਿਹਾ ਕਿ ਕਿੰਨੀ ਸ਼ਰਮ ਦੀ ਗੱਲ ਹੈ ਕਿ ਇੱਕ ਹਾਰਿਆ ਹੋਇਆ ਬੰਦਾ ਖ਼ੁਦ ਨੂੰ ਵਿਧਾਇਕ ਵਜੋਂ ਪੇਸ਼ ਕਰਕੇ ਨਿਤ ਦਿਨ ਲੋਕਾਂ ਨੂੰ ਮੂਰਖ਼ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਸਿੱਧੇ ਰੂਪ 'ਚ ਲੋਕਤੰਤਰ ਦਾ ਘਾਣ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਮਸ਼ਹੂਰੀਆਂ ਵਾਲੀ ਸਰਕਾਰ ਆਖ਼ਦਿਆਂ ਤੰਜ ਵੀ ਕੱਸਿਆ।

ਕਾਂਗਰਸ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਸ਼ੋਕ ਚੌਧਰੀ ਨੇ ਕਿਹਾ ਕਿ ਵਿਧਾਇਕਾ ਅਰੁਨਾ ਚੌਧਰੀ ਦੀ ਸੱਚਾਈ ਅਤੇ ਸਾਫ਼ ਅਕਸ ਹੀ ਉਨ੍ਹਾਂ ਦੀ ਤਾਕਤ ਹੈ ਅਤੇ ਇਸੇ ਤਾਕਤ ਦੇ ਬਲ 'ਤੇ ਉਹ ਚੌਥੀ ਵਾਰ ਵਿਧਾਇਕਾ ਬਣੇ ਹਨ ਅਤੇ ਕੈਬਨਿਟ ਮੰਤਰੀ ਦੇ ਉੱਚ ਅਹੁਦੇ 'ਤੇ ਵੀ ਰਹੇ ਹਨ। ਉਨ੍ਹਾਂ ਕਿਹਾ ਕਿ ਹਰ ਪਿੰਡ ਵਿੱਚ ਵੱਡੀ ਗਿਣਤੀ ਲੋਕਾਂ ਦਾ ਮੁਡ ? ਕਾਂਗਰਸ ਨਾਲ ਜੁਡ ?ਣਾ ਇਹ ਸਾਬਤ ਕਰਦਾ ਹੈ ਕਿ ਮੌਜੂਦਾ ਸਰਕਾਰ ਪੂਰੀ ਤਰ੍ਹਾਂ ਨਾਲ ਫ਼ੇਲ ਹੋ ਚੁੱਕੀ ਹੈ ਅਤੇ ਲੋਕ 'ਆਪ' ਸਰਕਾਰ ਦਾ ਅਸਲੀ ਚਿਹਰਾ ਪਛਾਣ ਗਏ ਹਨ। ਉਨ੍ਹਾਂ ਹਲਕੇ ਅੰਦਰ ਵਿਚਰ ਰਹੇ 'ਆਪ' ਆਗੂ ਤੇ ਵਰਦਿਆਂ ਕਿਹਾ ਕਿ ਅਸਲ ਵਿੱਚ ਹਲਕੇ ਦਾ ਇੰਚਾਰਜ ਜਿੱਤਿਆ ਹੋਇਆ ਵਿਧਾਇਕ ਹੁੰਦਾ ਹੈ ਪਰ ਕੁਝ ਲੋਕ ਭੁਲੇਖੇ ਦਾ ਸ਼ਿਕਾਰ ਹੋ ਚੁੱਕੇ ਹਨ ਜਿਨ੍ਹਾਂ ਦਾ ਭੁਲੇਖਾ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਕੱਢ ਦਿੱਤਾ ਜਾਵੇਗਾ। ਇਸ ਮੌਕੇ ਕਾਂਗਰਸ ਜੁਆਇੰਨ ਕਰਨ ਵਾਲਿਆਂ 'ਚ ਠਾਕੁਰ ਅਜੀਤ ਸਿੰਘ ਠੱਠੀ, ਨੰਬਰਦਾਰ ਕਰਮ ਸਿੰਘ, ਪੰਚ ਵੀਨਾ ਦੇਵੀ, ਕਰਤਾਰ ਸਿੰਘ, ਬਲਵਿੰਦਰ ਸਿੰਘ, ਸੂਬੇਦਾਰ ਅਰਜੁਨ ਸਿੰਘ, ਠਾਕੁਰ ਕੁਲਵੰਤ ਸਿੰਘ, ਤਿਲਕ ਰਾਜ, ਸੋਹਨ ਸਿੰਘ, ਅਸ਼ਵਨੀ ਸ਼ਰਮਾ, ਰਾਜ ਕੁਮਾਰ ਸ਼ਰਮਾ, ਨਰੇਸ਼ ਕੁਮਾਰ, ਨਿਰਮਲ ਸਿੰਘ, ਕਰਨੈਲ ਸਿੰਘ, ਅਵਤਾਰ ਸਿੰਘ, ਜੀਵਨ ਸ਼ਰਮਾ, ਜੋਗਿੰਦਰ ਸ਼ਰਮਾ, ਰਿੰਪੀ ਦੇਵੀ, ਬਲਵੰਤ ਰਾਜ, ਪ੍ਰਸ਼ੋਤਮ ਸ਼ਰਮਾ, ਹਰਦੀਪ, ਗੁਰਬਚਨ ਸਿੰਘ ਨਰੰਗਪੁਰ, ਹਰਜੀਤ ਸਿੰਘ, ਬਲਵਿੰਦਰ ਕੌਰ, ਕਮਲਪ੍ਰੀਤ ਕੌਰ, ਮਨਿੰਦਰ ਸਿੰਘ, ਹਰਜਿੰਦਰ ਸਿੰਘ ਅਤੇ ਚਿਮਨ ਲਾਲ ਪਰਿਵਾਰ ਮੁਖੀਆਂ ਦੇ ਨਾਂ ਸ਼ਾਮਲ ਹਨ। ਹੋਰਨਾਂ ਆਗੂਆਂ 'ਚ ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਬਲਾਕ ਦੋਰਾਂਗਲਾ ਪ੍ਰਧਾਨ ਵਰਿੰਦਰ ਕੁਮਾਰ ਭਿੰਦਾ, ਵਿਜੇ ਸ਼ਰਮਾ, ਸਰਪੰਚ ਰਾਜਿੰਦਰ ਸਿੰਘ ਕਾਹਲੋਂ, ਸਰਪੰਚ ਪ੍ਰਸ਼ੋਤਮ ਲਾਲ, ਸਰਪੰਚ ਕਸ਼ਮੀਰ ਕਲੌਂਤਰਾ, ਵਰਿੰਦਰ ਨੌਸ਼ਹਿਰਾ, ਐਸਡੀਓ ਜਸਵਿੰਦਰ ਸਿੰਘ ਅਤੇ ਜਨਕ ਰਾਜ ਬੱਬੂ ਪੰਡੋਰੀ ਵੀ ਮੌਜੂਦ ਸਨ।

# ਅਕਾਲੀ ਦੱਲ ਦੀ ਜਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਨੂੰ ਸਦਮਾ, ਸੱਸ ਮਾਤਾ ਸਵਰਗਵਾਸ

## ਸਥਾਨਕ ਸ਼ਮਸ਼ਾਨ ਘਾਟ ਵਿਖੇ ਨਮ ਅੱਖਾਂ ਨਾਲ ਕੀਤਾ ਗਿਆ ਅੰਤਿਮ ਸਸਕਾਰ, ਭੋਗ 6 ਸਤੰਬਰ ਨੂੰ

**ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ, 29 ਅਗਸਤ(ਦਵਿੰਦਰਪਾਲ ਸਿੰਘ):**



ਸ਼੍ਰੋਮਣੀ ਅਕਾਲੀ ਦੱਲ ਇਸਤਰੀ ਵਿੰਗ ਦੀ ਜਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੀ ਸੱਸ ਮਾਤਾ ਬੀਬੀ ਗੁਰਨਾਮ ਕੌਰ ਅਕਾਲ ਚਲਾਣਾ ਕਰ ਗਏ। ਠੇਕੇਦਾਰ ਕੁਲਵੰਤ ਸਿੰਘ ਦੇ ਮਾਤਾ 75 ਸਾਲਾਂ ਦੇ ਬੀਬੀ ਗੁਰਨਾਮ ਕੌਰ ਪਿਛਲੇ ਕੁਝ ਸਮੇਂ ਤੋਂ ਬੀਮਾਰ ਚਲ ਰਹੇ ਸਨ। ਉਹ ਆਪਣੇ ਪਿਛੇ 4 ਸਪੁੱਤਰ ਭਾਈ ਹਰਸੇਵਕ ਸਿੰਘ,ਭਾਈ ਗੁਰਮੀਤ ਸਿੰਘ,ਭਾਈ ਜਸਵਿੰਦਰ ਸਿੰਘ ਅਤੇ ਭਾਈ ਕੁਲਵੰਤ ਸਿੰਘ ਛੱਡ ਗਏ। ਉਨ੍ਹਾਂ ਦਾ ਅੰਤਿਮ ਸੰਸਕ ?ਾਰ ਸਥਾਨਕ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ, ਜਿਥੇ ਵੱਡੀ ਗਿਣਤੀ ਵਿੱਚ ਰਿਸ਼ਤੇਦਾਰਾਂ,ਸ਼ਹਿਰਵਾਸੀਆਂ ਨੇ ਅੰਤਿਮ ਵਿਦਾਇਗੀ ਦਿਤੀ। ਜਿਲਾ ਪ੍ਰਧਾਨ ਕੁਲਵਿੰਦਰ ਕੌਰ ਨੇ ਦਸਿਆ ਕਿ ਮਾਤਾ ਗੁਰਨਾਮ ਕੌਰ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ 6 ਸਤੰਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਪਾਇਆ ਜਾਵੇਗਾ ਜਿਥੇ ਅੰਤਿਮ ਅਰਦਾਸ ਹੋਵੇਗੀ।

**ਵੱਖ ਵੱਖ ਸਖਸ਼ੀਅਤਾਂ ਨੇ ਕੀਤਾ ਦੁਖ ਦਾ ਪ੍ਰਗਟਾਵਾ-:** ਸ਼੍ਰੋਮਣੀ ਅਕ ?ਾਲੀ ਦੱਲ ਦੇ ਬੁਲਾਰੇ ਤੇ ਸਾਬਕਾ ਕੈਬਨਿਟ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ, ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸਾਬਕ ?ਾ ਮੈਂਬਰ ਪਾਰਲੀਮੈਂਟ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ, ਯੂਥ ਆਗੂ ਅਰਵਿੰਦ ਮਿੱਤਲ, ਗੁਰਿੰਦਰ ਸਿੰਘ ਗੋਗੀ, ਮੈਨੇਜਰ ਗੁਰਪ੍ਰੀਤ ਸਿੰਘ ਰੋਡੇ, ਐਡੀਸ਼ਨਲ ਮੈਨੇਜਰ ਹਰਦੇਵ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ,ਪ੍ਰਿਤਪਾਲ ਸਿੰਘ ਗੰਡਾ, ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਚਰਨਜੀਤ ਸਿੰਘ, ਖਾਲਸਾ ਕਾਲਜ ਦੇ ਪ੍ਰਿੰਸੀਪਲ ਜਸਬੀਰ ਸਿੰਘ, ਜਥੇਦਾਰ ਰਾਮ ਸਿੰਘ, ਜਥੇਦਾਰ ਸੰਤੋਖ ਸਿੰਘ, ਤਰਲੋਚਨ ਸਿੰਘ ਚੱਠਾ, ਮਾਤਾ ਗੁਰਚਰਨ ਕੌਰ, ਤੇਜਿੰਦਰ ਕੌਰ, ਮਨਜੀਤ ਕੌਰ, ਸੁਰਿੰਦਰਪਾਲ ਕੌਰ, ਸੁਰਿੰਦਰ ਕੋਰ, ਜਸਵਿੰਦਰ ਕੋਰ ਸੱਗੂ ਆਦਿ ਨੇ ਪਰਿਵਾਰ ਨਾਲ ਇਸ ਦੁਖ ਦੀ ਘੜੀ ਦੁਖ ਦਾ ਪ੍ਰਗਟਾਵਾ ਕੀਤਾ ਹੈ।



# ਪੁਲਿਸ ਨੇ ਭਗੌੜੇ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਕੀਤਾ ਪੇਸ਼, ਮੁੜ ਜੇਲ੍ਹ ਭੇਜਿਆ

**ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ, 29 ਅਗਸਤ(ਦਵਿੰਦਰਪਾਲ ਸਿੰਘ):**

ਮਾਨਯੋਗ ਸੀਨੀਅਰ ਪੁਲਿਸ ਕਪਤਾਨ ਰੂਪਨਗਰ ਸ਼੍ਰੀ ਵਿਵੇਕ ਸ਼ੀਲ ਸੋਨੀ, ਆਈ ਪੀ ਐਸ ਵੱਲੋਂ ਵੱਖ ਵੱਖ ਕੇਸਾ ਵਿੱਚ PO ਹੋਏ ਵਿਅਕਤੀ ਨੂੰ ਫੜਨ ਲਈ ਸਖਤ ਕਦਮ ਚੁੱਕਣ ਦੇ ਆਦੇਸ਼ ਕੀਤੇ ਗਏ ਸਨ।ਜਿਹਨਾਂ ਦੀਆ ਹਦਾਇਤਾਂ ਅਨੁਸਾਰ ਅਜੇ ਸਿੰਘ ਪੀ.ਪੀ.ਐਸ, ਡੀ.ਐਸ.ਪੀ. ਸਬ-ਡਵੀਜਨ ਸ਼੍ਰੀ ਅਨੰਦਪੁਰ ਸਾਹਿਬ ਦੀ ਦੇ ਨਿਗਰਾਨੀ ਹੇਠ ਇੰਸਪੈਕਟਰ ਹਰਕੀਰਤ ਸਿੰਘ ਮੁੱਖ ਅਫਸਰ ਥਾਣਾ ਸ਼੍ਰੀ ਅਨੰਦਪੁਰ ਸਾਹਿਬ ਅਤੇ ਸਬ ਇੰਸਪੈਕਟਰ ਗੁਰਮੁਖ ਸਿੰਘ ਇੰਚਾਰਜ ਪੁਲਿਸ ਚੌਂਕੀ ਸ਼੍ਰੀ ਅਨੰਦਪੁਰ ਸਾਹਿਬ ਵੱਲੋਂ PO ਹੋਏ ਵਿਅਕਤੀਆ ਨੂੰ ਫੜਨ ਲਈ ਵੱਖ ਵੱਖ ਟੀਮਾਂ ਬਣਾਈਆ ਗਈਆ ਸਨ।ਜਿਸਦੀ ਲੜੀ ਵਿੱਚ ਮਾਨਯੋਗ ਅਦਾਲਤ ਸ਼੍ਰੀ ਗੁਰਪ੍ਰੀਤ ਸਿੰਘ JMIC ਸ਼੍ਰੀ ਅਨੰਦਪੁਰ ਸਾਹਿਬ ਵੱਲੋ ਜੋ ਦੋਸ਼ੀ ਬਲਵਿੰਦਰ ਸਿੰਘ ਨੂੰ ਮੁਕੱਦਮਾ ਨੰਬਰ 80 ਮਿਤੀ 06.08.2016 ਅ/ਧ 406,420, 465,467, 468,471, 506 IPC ਥਾਣਾ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਮਿਤੀ 15-07-2023 ਨੂੰ PO ਡਿਕਲੇਅਰ ਕੀਤਾ ਸੀ।ਜੋ ਪੁਲਿਸ ਪਾਰਟੀ ਵੱਲੋ ਬਲਵਿੰਦਰ ਸਿੰਘ ਦੇ ਘਰ ਰੇਡ ਕੀਤਾ ਗਿਆ।ਜੋ ਘਰ ਵਿੱਚ ਹਾਜਰ ਨਹੀ ਮਿਲਿਆ।ਜਿਸ ਬਾਰੇ ਪਤਾ ਲੱਗਾ ਕਿ PO ਬਲਵਿੰਦਰ ਸਿੰਘ ਕਿਸੇ ਹੋਰ ਕੇਸ ਵਿੱਚ ਜਿਲਾ ਜੇਲ ਰੂਪਨਗਰ ਬੰਦ ਹੈ ।ਜਿਸਤੇ ਦੋਸ਼ੀ ਦਾ ਪ੍ਰੋਡਕਸ਼ਨ ਵਰੰਟ ਹਾਸਲ ਕਰਕੇ ਉਸਨੂੰ ਜਿਲਾ ਜੇਲ ਰੂਪਨਗਰ ਤੋਂ ਲਿਆ ਕੇ ਅਦਾਲਤ ਸ਼੍ਰੀ ਗੁਰਪ੍ਰੀਤ ਸਿੰਘ MIC ਸ਼੍ਰੀ ਅਨੰਦਪੁਰ ਸਾਹਿਬ ਜੀ ਦੇ ਪੇਸ਼ ਕੀਤਾ ਗਿਆ ਅਤੇ ਅਦਾਲਤ ਦੇ ਹੁਕਮ ਅਨੁਸਾਰ 14 ਦਿਨ ਜੁਡੀਸ਼ੀਅਲ ਰਿਮਾਂਡ ਅਧੀਨ ਜਿਲਾ ਜੇਲ ਰੂਪਨਗਰ ਵਿਖੇ ਬੰਦ ਕਰਵਾਇਆ ਗਿਆ ਅਤੇ ਹੋਰ PO ਵਿਅਕਤੀ ਨੂੰ ਗ੍ਰਿਫਤਾਰ ਕਰਨ ਲਈ ਟੀਮਾ ਮੁਸਤੈਦੀ ਨਾਲ ਕੰਮ ਕਰ ਰਹੀਆ ਹਨ।





# ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਦੇਖੀ ਫਿਲਮ ਮਸਤਾਨੇ

## ਗੁਲਮੋਹਰ ਗਰੈਂਡ ਵਿਖੇ 250 ਦੇ ਕਰੀਬ ਵਿਦਿਆਰਥੀ ਅਤੇ ਅਧਿਆਪਕ ਫਿਲਮ ਦੇਖ ਕੇ ਹੋਏ ਭਾਵੁਕ

ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ, 29 ਅਗਸਤ (ਦਵਿੰਦਰਪਾਲ ਸਿੰਘ)

ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ ਵੱਲੋਂ ਸਿਖਿਆ ਦੇ ਖੇਤਰ ਅਤੇ ਖੇਡਾਂ ਵਿਚ ਨਵੇਂ ਕੀਰਤੀਮਾਨ ਹਾਸਲ ਕਰਨ ਮਗਰੋਂ ਹੁਣ ਸਮੇਂ ਸਮੇਂ ਤੇ ਮਨ ਲੁਭਾਵੀ ਅਤੇ ਦੂਰਦਰਸ਼ੀ ਗਤੀਵੀਧੀਆਂ ਨਾਲ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਨੂੰ ਉੱਚਾ ਚੱਕਿਆ ਜਾ ਰਿਹਾ ਹੈ। ਰੋਜ਼ਾਨਾ ਦੇ ਤਨਾਵ ਭਰੇ ਜੀਵਨ ਵਿਚ ਕੁਝ ਖੁਸ਼ੀਆਂ ਅਤੇ ਐਨਰਜੀ ਨੂੰ ਰਿਚਾਰਜ ਕਰਨ ਵਾਸਤੇ ਸਕੂਲ ਦੇ ਡਾਇਰੈਕਟਰ ਅਮਿਤੋਜ ਸਿੰਘ ਵੱਲੋਂ ਸਾਰਿਆਂ ਲਈ ਊਨਾ ਸ਼ਹਿਰ ਦੇ ਲਾਗੇ ਸਥਿਤ ਗੁਲਮੋਹਰ ਗਰੈਂਡ ਵਿਖੇ ਮਸਤਾਨੇ ਫਿਲਮ ਦੇਖਣ ਦਾ ਪ੍ਰੋਗਰਾਮ ਬਣਾਇਆ ਗਿਆ। ਇਸ ਟ੍ਰਿਪ ਵਿਚ 250 ਦੇ ਕਰੀਬ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਹਿੱਸਾ ਲਿਆ। ਪ੍ਰਬੰਧਕਾਂ ਵੱਲੋਂ ਫਿਲਮ ਦੇ ਦੌਰਾਨ ਸਾਰਿਆਂ ਲਈ ਪੋਪ ਕੋਰਨ ਅਤੇ ਕੋਲਡ ਡਰਿੰਕ ਦਾ ਪ੍ਰਬੰਧ ਕੀਤਾ ਗਿਆ। ਫਿਲਮ ਦੇਖਣ ਤੋਂ ਬਾਦ ਸਾਰੇ ਜਣੇ ਗੁਰਦੁਆਰਾ ਸ੍ਰੀ ਬਿਭੌਰ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਵਾਹਿਗੁਰੂ ਸਿਮਰਨ ਦਾ ਜਾਪ ਕਰਕੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਉਸ ਤੋਂ ਬਾਦ ਸੰਗਤੀ ਰੂਪ ਵਿਚ ਗੁਰੂ ਕਾ ਲੰਗਰ ਛੱਕਿਆ। ਫਿਲਮ ਦੇਖਣ ਤੋਂ ਬਾਦ ਜਦੋਂ ਵਿਦਿਆਰਥੀਆਂ ਤੋਂ ਫਿਲਮ ਪ੍ਰਤੀ ਰਾਏ ਪੁੱਛੀ ਗਈ ਤਾਂ ਸਾਰੇ ਵਿਦਿਆਰਥੀ ਬਹੁਤ ਭਾਵੁਕ ਹੋ ਗਏ। ਕਈਆਂ ਦੇ ਚਿਹਰੇ ਤੇ ਹੰਝੂ ਸੀ ਤੇ ਕਈਆਂ ਤੇ ਆਪਣੇ ਵਿਰਸੇ ਤੇ ਮਾਣ ਦਾ ਅਹਿਸਾਸ।ਸਕੂਲ ਦੇ ਡਾਇਰੈਕਟਰ ਸ. ਅਮਿਤੋਜ ਸਿੰਘ ਵੱਲੋਂ ਆਪਣੇ ਵਿਚਾਰ ਪੇਸ਼ ਕਰਦਿਆਂ ਦੱਸਿਆ ਗਿਆ ਕਿ ਅੱਜ ਦਾ ਦਿਨ ਸਾਡੇ ਲਈ ਬੇਹੱਦ ਯਾਦਗਾਰੀ ਸਾਬਤ ਹੋਇਆ।ਜਿਸ ਤਰ੍ਹਾਂ ਇਸ ਫਿਲਮ ਪ੍ਰਤੀ ਸਾਰਿਆਂ ਦਾ ਉਤਸ਼ਾਹ ਸੀ ਅਤੇ ਫਿਲਮ ਦੇਖਣ ਤੋਂ ਬਾਦ ਸਾਰਿਆਂ ਵਿਚ ਚੜ੍ਹਦੀਕਲਾ ਦਾ ਅਹਿਸਾਸ ਸੀ ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਐਵੇਂ ਦੀਆਂ ਫਿਲਮਾਂ ਦਾ ਬਣਨਾ ਬਹੁਤ ਜ਼ਰੂਰੀ ਹੈ ਤਾਂ ਜੋ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਮਾਣਮੱਤੇ ਵਿਰਸੇ ਨਾਲ ਜੋੜ ਸਕੀਏ ਅਤੇ ਉਨ੍ਹਾਂ ਵਿਚ ਚੰਗੇ ਇਨਸਾਨ ਬਣਨ ਦਾ ਜਜ਼ਬਾ ਬਣਾ ਸਕੀਏ।ਸ. ਅਮਿਤੋਜ ਸਿੰਘ ਵੱਲੋਂ ਗੁਲਮੋਹਰ ਗ੍ਰੈਂਡ ਦੇ ਪ੍ਰਬੰਧਕਾਂ ਦਾ ਸੁਚੱਜੇ ਪ੍ਰਬੰਧ ਅਤੇ ਬੱਚਿਆਂ ਦੀ ਆਉ ਭਗਤ ਕਰਨ ਵਾਸਤੇ ਧੰਨਵਾਦ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਰਨਾਂ ਦੀ ਛੋਹ ਪ੍ਰਾਪਤ ਬਖਸ਼ਿਸ਼ਾਂ ਭਰਪੂਰ ਗੁਰਦਵਾਰਾ ਬਿਭੌਰ ਸਾਹਿਬ ਦੇ ਦਰਸ਼ਨ ਕਰਕੇਸ. ਅਮਿਤੋਜ ਸਿੰਘ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਅਤੇ ਹੜ੍ਹਾਂ ਕਰਕੇ ਨੁਕਸਾਨ ਝੱਲ ਰਹੀ ਮਨੁੱਖਤਾ ਲਈ ਅਰਦਾਸ ਕੀਤੀ।

# ਪੰਜਾਬ ਯੂਨੀਵਰਸਿਟੀ ਕਾਂਸਟੀਚੂਐਂਟ ਕਾਲਜ ਬਲਾਚੌਰ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ

ਲੋਕ ਬਾਣੀ/ ਬਲਾਚੌਰ,29 ਅਗਸਤ - (ਜਤਿੰਦਰ ਪਾਲ ਸਿੰਘ ਕਲੇਰ )

ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟੀਚੂਐਂਟ ਕਾਲਜ ਬਲਾਚੌਰ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਸੁਨੀਲ ਖੋਸਲਾ ਅਤੇ ਸਮੂਹ ਅਧਿਆਪਕ ਸਾਹਿਬਾਨ ਨੇ ਸ਼ਮਾਂ ਰੌਸ਼ਨ ਕੀਤੀ ਅਤੇ ਯੂਨੀਵਰਸਿਟੀ ਗਾਨ ਉਪਰੰਤ ਵਿਦਿਆਰਥਣਾ ਚਰਨਪ੍ਰੀਤ ਕੌਰ, ਦੀਆ ਚੌਧਰੀ ਅਤੇ ਕੁਸਮ ਨੇ ਪ੍ਰੋਗਰਾਮ ਸੰਚਾਲਨ ਕੀਤਾ। ਸਭ ਤੋਂ ਪਹਿਲਾਂ ਬੀ.ਸੀ.ਏ. ਦੀ ਵਿਦਿਆਰਥਣ ਗੁਰਪ੍ਰੀਤ ਕੌਰ ਨੇ ਤੀਆਂ ਦੇ ਤਿਉਹਾਰ ਬਾਰੇ ਚਾਨਣਾ ਪਾਇਆ ਅਤੇ ਪੰਜਾਬੀ ਸਮਾਜ ਦੇ ਰਿਸ਼ਤਿਆਂ ਬਾਰੇ ਆਪਣੀ ਰਚਨਾ ਪੇਸ਼ ਕੀਤੀ। ਵਿਦਿਆਰਥਣਾ ਨੇ ਗਿੱਧਾ ਅਤੇ ਬੋਲੀਆਂ ਪਾ ਕੇ ਤੀਆਂ ਦੇ ਤਿਉਹਾਰ ਦਾ ਜਸ਼ਨ ਮਨਾਇਆ। ਇਸ ਤੋਂ ਬਿਨਾਂ ਵਿਦਿਆਰਥੀਣਾ ਨੇ ਸੱਭਿਆਚਾਰਕ, ਲੋਕ-ਗੀਤਾਂ ਅਤੇ ਜਸ਼ਨਾਵੀ ਗੀਤਾਂ ਉੱਪਰ ਸੋਲੋ ਅਤੇ ਗਰੁੱਪ ਨਾਚ ਵੀ ਪੇਸ਼ ਕੀਤੇ। ਲੋਕਧਾਰਾਈ ਸਾਜੋ-ਸਮਾਨ ਨਾਲ ਸਜੇ ਮੰਚ ਉੱਪਰ ਮਨੋਰੰਜਕ ਖੇਡਾਂ ਨੂੰ ਵੀ ਪ੍ਰਸਤੁਤ ਕੀਤਾ ਗਿਆ।ਕਾਲਜ ਦੀਆਂ ਮਹਿਲਾ ਅਧਿਆਪਕਾਵਾਂ ਨੇ ਵੀ ਕੁਝ ਮਨੋਰੰਜਕ ਖੇਡਾਂ 'ਚ ਹਿੱਸਾ ਲਿਆ। ਵਿਦਿਆਰਥੀਆਂ ਦੁਆਰਾ ਮੰਚ 'ਤੇ ਪ੍ਰਸਤੁਤ ਸੱਭਿਆਚਾਰਕ ਪੇਸ਼ਕਾਰੀਆਂ ਦੇ ਆਧਾਰ 'ਤੇ ਸੰਜਨਾ ਨੂੰ ਮਿਸ ਤੀਜ ਅਤੇ ਹਰਸਿਮਰਨ ਤੇ ਸੁਖਪ੍ਰੀਤ ਕੌਰ ਨੂੰ ਰਨਰ-ਅੱਪ ਚੁਣਿਆ ਗਿਆ। ਇਸ ਤੋਂ ਬਿਨਾਂ ਬੈਸਟ-ਪ੍ਰਫਾਰਮਰ ਸਾਖਸ਼ੀ, ਬੈਸਟ ਆਉਟਫਿਟ ਦੀਪਾਲੀ, ਬੈਸਟ ਪ੍ਰਸਨੈਲਟੀ ਰੀਆ ਅਤੇ ਕਲਚਰਲ ਕੁਈਨ ਗੁਰਪ੍ਰੀਤ ਕੌਰ ਨੂੰ ਚੁਣਿਆ ਗਿਆ। ਪ੍ਰਿੰਸੀਪਲ ਡਾ. ਸੁਨੀਲ ਖੋਸਲਾ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ। ਉਨ੍ਹਾਂ ਆਪਣੇ ਸੰਬੋਧਨ 'ਚ







ਕਿਹਾ ਕਿ ਕਾਲਜ ਦੇ ਵਿਦਿਆਰਥੀਆਂ ਨੇ ਪ੍ਰਬੰਧਨ ਤੋਂ ਲੈ ਕੇ ਪੇਸ਼ਕਾਰੀਆਂ ਤੱਕ ਖੂਬਸੂਰਤ ਪੇਸ਼ਕਾਰੀ ਕੀਤੀ ਹੈ। ਉਨਾ ਕਿਹਾ ਕਿ ਕਾਲਜ 'ਚ ਪੜ੍ਹਾਈ ਦੇ ਨਾਲ-ਨਾਲ ਸਭਿਆਚਾਰਕ ਗਤੀਵਿਧੀਆਂ ਵੀ ਲਗਾਤਾਰ ਹੁੰਦੀਆਂ ਰਹਿੰਦੀਆਂ ਹਨ ਅਤੇ ਅੱਗੇ ਵੀ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਗਤੀਵਿਧੀਆਂ ਹੁੰਦੀਆਂ ਰਹਿਣਗੀਆਂ।

# ਹੜ੍ਹਾਂ ਦੌਰਾਨ ਹੋਏ ਨੁਕਸਾਨ ਦਾ ਮੁਆਵਜ਼ਾ ਲੈਣ ਸਬੰਧੀ ਕੈਬਨਿਟ ਮੰਤਰੀ ਹਰਜੋਤ ਬੈਂਸ ਨੂੰ ਦਿੱਤਾ ਮੰਗ ਪੱਤਰ

ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ, 29 ਅਗਸਤ (ਦਵਿੰਦਰਪਾਲ ਸਿੰਘ)

ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਸ਼੍ਰੀ ਅਨੰਦਪੁਰ ਸਾਹਿਬ (ਰਜਿ:) ਦਾ ਵਫ਼ਦ ਇਲਾਕੇ



ਦੀਆਂ ਸਮੱਸਿਆਵਾਂ ਸਬੰਧੀ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਮਿਲਿਆ। ਇਸ ਮੌਕੇ ਉਹਨਾਂ ਕੈਬਨਿਟ ਮੰਤਰੀ ਨਾਲ ਮੁਲਾਕਾਤ ਕਰਕੇ ਕਿਸਾਨਾਂ ਮਜਦੂਰਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਕਿਸਾਨ ਯੂਨੀਅਨ ਦੇ ਨੁਮਾਇੰਦਿਆਂ ਵੱਲੋਂ ਸ੍ਰੀ ਅਨੰਦਪੁਰ ਸਾਹਿਬ-ਨੰਗਲ-ਰੋਪੜ ਤੱਕ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਮੁਆਵਜ਼ੇ ਦੀ ਮੰਗ ਕੀਤੀ ਗਈ। ਜਿਸ ਵਿੱਚ ਪਸ਼ੂਆਂ ਦਾ ਚਾਰਾ ਮੱਕੀ, ਝੋਨਾ ਆਦਿ ਜਿਹਨਾਂ ਗਰੀਬ ਮਜ਼ਦੂਰ ਕਿਸਾਨਾਂ ਦੇ ਘਰ ਢਹਿ ਢੇਰੀ ਹੋ ਗਏ ਹਨ ਉਨ੍ਹਾਂ ਦੇ ਲਈ ਯੋਗ ਮੁਆਵਜ਼ਾ ਦੇਣ ਅਤੇ ਹਲਕੇ ਦੀਆਂ ਖੱਡਾਂ ਨਦੀਆਂ ਨਾਲਿਆਂ ਦੀ ਸਫਾਈ ਦੀ ਮੰਗ ਕੀਤੀ ਗਈ। ਸਤਲੁਜ ਦਰਿਆ ਅਤੇ ਸੁਵਾਅ ਨਦੀ ਨੂੰ ਚੈਨੇਲਾਈਜ਼ ਕਰਨ ਦੀ ਮੰਗ ਕੀਤੀ ਗਈ ਤਾਂ ਜੋ ਹਰ ਸਾਲ ਹੜਾਂ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ।ਪਿਛਲੇ ਸੀਜਨ ਦੌਰਾਨ ਕੁਦਰਤੀ ਬਿਮਾਰੀ ਪੈਣ ਕਾਰਨ ਹੋਏ ਝੋਨੇ ਦੇ ਨੁਕਸਾਨ ਸਬੰਧੀ ਜੋ ਸਰਕਾਰ ਵੱਲੋਂ ਗਰਦਾਵਰੀ ਕੀਤੀ ਗਈ ਸੀ। ਉਸ ਦਾ ਮੁਆਵਜ਼ਾ ਲੈਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਜਿਸ ਉਪਰੰਤ ਮੰਤਰੀ ਸਾਹਿਬ ਵੱਲੋਂ ਪੂਰਨ ਤੌਰ ਤੇ ਵਿਸ਼ਵਾਸ ਦਿੱਤਾ ਗਿਆ ਕਿ ਤੁਹਾਡੀਆਂ ਮੰਗਾਂ ਜਾਇਜ਼ ਹਨ ਜਲਦੀ ਤੋਂ ਜਲਦੀ ਇਹਨਾਂ ਨੂੰ ਪੂਰਾ ਕੀਤਾ ਜਾਵੇਗਾ। ਇਸ ਸਮੇਂ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸ਼ੇਰਾ, ਜਰਨਲ ਸਕੱਤਰ ਜੈਮਲ ਸਿੰਘ ਭੜੀ, ਮੁੱਖ ਬੁਲਾਰਾ ਢਾਡੀ ਮਨਜੀਤ ਸਿੰਘ ਰਾਹੀ, ਮੀਤ ਪ੍ਰਧਾਨ ਚਰਨਜੀਤ ਸਿੰਘ ਜੌੜਾ ਨੰਗਲ, ਸਰਕਲ ਪ੍ਰਧਾਨ ਸੰਤ ਸਿੰਘ ਹਜਾਰਾ ਸ਼ਾਮਲ ਹੋਏ।

# ਗੁਰਦਾਸਪੁਰ ਦੇ ਨਵੇਂ ਬੱਸ ਅੱਡੇ ਦੀ ਤਿਆਰੀ ਨੂੰ ਦਿੱਤੀਆਂ ਜਾ ਰਹੀਆਂ ਹਨ ਅੰਤਿਮ ਛੋਹਾਂ

## ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਨਵੇਂ ਬੱਸ ਸਟੈਂਡ ਦੀ ਉਸਾਰੀ ਦਾ ਜਾਇਜ਼ਾ

ਲੋਕ ਬਾਣੀ/ ਗੁਰਦਾਸਪੁਰ, 29 ਅਗਸਤ (ਨਵਨੀਤ ਕੁਮਾਰ)

ਪੰਜਾਬ ਸਰਕਾਰ ਵੱਲੋਂ ਗੁਰਦਾਸਪੁਰ ਸ਼ਹਿਰ ਵਿੱਚ ਬਣਾਏ ਜਾ ਰਹੇ ਨਵੇਂ ਬੱਸ ਸਟੈਂਡ ਦੀ ਉਸਾਰੀ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੱਜ ਨਵੇਂ ਬੱਸ ਸਟੈਂਡ ਪਹੁੰਚ ਕੇ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨਾਂ ਨਾਲ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਸ੍ਰੀ ਰਜੀਵ ਸ਼ਰਮਾਂ, ਈ.ਓ. ਨਗਰ ਸੁਧਾਰ ਟਰੱਸਟ ਅਤੇ ਹੋਰ ਅਧਿਕਾਰੀ ਤੇ ਠੇਕੇਦਾਰ ਵੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬੱਸ ਸਟੈਂਡ ਦੀ ਉਸਾਰੀ ਵਿੱਚ ਜੋ ਵੀ ਕੰਮ ਰਹਿ ਗਿਆ ਹੈ ਉਸ ਨੂੰ ਜਲਦ ਮੁਕੰਮਲ ਕਰ ਲਿਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਬੱਸ ਸਟੈਂਡ ਵਿੱਚ ਬੱਸਾਂ ਦੇ ਅੰਦਰ-ਬਾਹਰ ਜਾਣ ਦੇ ਰਸਤੇ ਅਤੇ ਰੁਕਣ ਦੀਆਂ ਥਾਵਾਂ ਨੂੰ ਚੈੱਕ ਕਰ ਲਿਆ ਜਾਵੇ।



ਇਸਦੇ ਨਾਲ ਹੀ ਯਾਤਰੂਆਂ ਦੀ ਸਹੂਲਤ ਲਈ ਈ-ਰਿਕਸ਼ਾ, ਦੋ-ਪਹੀਆ ਵਾਹਨਾਂ ਦੀ ਪਾਰਕਿੰਗ ਆਦਿ ਦਾ ਵੀ ਪਹਿਲਾਂ ਹੀ ਪ੍ਰਬੰਧ ਕਰ ਲਿਆ ਜਾਵੇ ਤਾਂ ਜੋ ਕਿਸੇ ਨੂੰ ਕੋਈ ਮੁਸ਼ਕਿਲ ਨਾ ਆਵੇ। ਉਨ੍ਹਾਂ ਪੰਜਾਬ ਰੋਡਵੇਜ਼ ਦੇ ਜੀ.ਐੱਮ. ਅਤੇ ਆਰ.ਟੀ.ਏ. ਨੂੰ ਬੱਸ ਓਪਰੇਟਰਾਂ ਨਾਲ ਮੀਟਿੰਗ ਕਰਨ ਲਈ ਵੀ ਕਿਹਾ ਤਾਂ ਜੋ ਜਲਦ ਹੀ ਇਸ ਬੱਸ ਅੱਡੇ ਨੂੰ ਸ਼ੁਰੂ ਕੀਤਾ ਜਾ ਸਕੇ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਗੁਰਦਾਸਪੁਰ ਦਾ ਨਵਾਂ ਬੱਸ ਸਟੈਂਡ ਤਿਆਰ ਹੋ ਗਿਆ ਹੈ ਅਤੇ ਹੁਣ ਬੱਸ ਇਸਦੀ ਤਿਆਰੀ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਅਤਿ-ਆਧੁਨਿਕ ਬੱਸ ਸਟੈਂਡ ਵਿੱਚ ਯਾਤਰੂਆਂ ਲਈ ਸਹੂਲਤਾਂ ਦਾ ਖਾਸ ਖਿਆਲ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਬੱਸ ਸਟੈਂਡ ਵਿੱਚ ਯਾਤਰੂਆਂ ਦੇ ਰਾਤ ਰੁਕਣ ਲਈ ਗੈਸਟ ਰੂਮ ਵੀ ਬਣਾਏ ਗਏ ਹਨ। ਇਸ ਤੋਂ ਇਲਾਵਾ ਸਟਾਫ ਦੇ ਕੈਬਿਨ ਅਤੇ ਕੰਨਟੀਨ ਦੀ ਸਹੂਲਤ ਵੀ ਦਿੱਤੀ ਗਈ ਹੈ।

ਰੋਜ਼ਾਨਾ ਲੋਕ ਬਾਣੀ

ਉਨ੍ਹਾਂ ਕਿਹਾ ਕਿ ਇਸ ਬੱਸ ਸਟੈਂਡ ਦੇ ਸ਼ੁਰੂ ਹੋਣ ਨਾਲ ਗੁਰਦਾਸਪੁਰ ਸ਼ਹਿਰ ਵਿੱਚੋਂ ਟਰੈਫਿਕ ਦੀ ਸਮੱਸਿਆ ਦਾ ਹੱਲ ਹੋ ਸਕੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲਦੀ ਹੀ ਇਸ ਬੱਸ ਸਟੈਂਡ ਦਾ ਉਦਘਾਟਨ ਕਰਕੇ ਇਸਨੂੰ ਲੋਕ ਅਰਪਣ ਕੀਤਾ ਜਾਵੇਗਾ। ਇਸ ਮੌਕੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਸ੍ਰੀ ਰਜੀਵ ਸ਼ਰਮਾਂ ਨੇ ਵੀ ਕਿਹਾ ਕਿ ਗੁਰਦਾਸਪੁਰ ਦਾ ਨਵਾਂ ਬੱਸ ਸਟੈਂਡ ਇਲਾਕੇ ਦੇ ਲੋਕਾਂ ਲਈ ਵੱਡੀ ਸਹੂਲਤ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਸੂਬੇ ਦੇ ਵਿਕਾਸ ਲਈ ਵਚਨਬੱਧ ਹੈ।

# ਮਹਿਲਾਵਾਂ ਵਲੋਂ ਰੱਖੜੀਆਂ ਦੇ ਤਿਉਹਾਰ ਨੂੰ ਸਮਰਪਿਤ ਪੁਲਿਸ ਅਧਿਕਾਰੀਆਂ ਦੇ ਉਨ੍ਹਾਂ ਵਲੋਂ ਰੱਖੜੀਆਂ ਬੰਨ੍ਹ ਕੇ ਤਿਉਹਾਰ ਮਨਾਇਆ ਗਿਆ

## ਪੁਲਿਸ ਪ੍ਰਸ਼ਾਸਨ ਹਮੇਸ਼ਾ ਮਹਿਲਾਵਾਂ ਨੂੰ ਇਨਸਾਫ ਦਿਵਾਉਣ ਲਈ ਵੱਚਨਬੱਧ ਹੈ- ਡੀਐਸਪੀ ਸ਼ਾਮ ਸੁੰਦਰ ਸ਼ਰਮਾ

ਲੋਕ ਬਾਣੀ/ ਬਲਾਚੌਰ ,29 ਅਗਸਤ (ਜਤਿੰਦਰ ਪਾਲ ਸਿੰਘ ਕਲੇਰ )

-ਤਹਿਸੀਲ ਬਲਾਚੌਰ ਵਿਖੇ ਮਹਿਲਾਵਾਂ ਦੇ ਵੱਲੋਂ ਰੱਖੜੀ ਦੇ ਤਿਉਹਾਰ ਮੌਕੇ ਅੱਜ ਪੰਜਾਬ ਪੁਲਿਸ ਦੇ ਮੁਲਾਜਮਾਂ ਨੂੰ ਰੱਖੜੀ ਬੰਨ੍ਹ ਕੇ ਰਕਸ਼ਾ ਬੰਧਨ ਦਾ ਤਿਓਹਾਰ ਮਨਾਇਆ ਗਿਆ। ਇਸ ਮੌਕੇ ਤੇ ਸ਼ਾਮ ਸੁੰਦਰ ਸ਼ਰਮਾ ਡੀ ਐਸ ਪੀ ਬਲਾਚੌਰ ਨੂੰ ਮੈਡਮ ਵਰਿੰਦਰ ਕੌਰ ਥਾਂਦੀ ਰਾਸ਼ਟਰੀ ਮੀਤ ਪ੍ਰਧਾਨ ਬੀ ਜੇ ਪੀ ਮਹਿਲਾ ਮੋਰਚਾ ਅਤੇ ਭਾਜਪਾ ਮਹਿਲਾ ਮੰਡਲ ਬਲਾਚੌਰ ਪ੍ਰਧਾਨ ਲੱਛਮੀ ਦੇਵੀ,ਅਲਕਾ ਸ਼ਰਮਾ ਵੱਲੋਂ ਰੱਖੜੀ ਬੰਨੀ ਗਈ ਅਤੇ ਉਨ੍ਹਾਂ ਨੇ ਸਾਰੇ ਪੁਲਿਸ ਮੁਲਾਜਮਾਂ ਨੂੰ ਰੱਖੜੀ ਦੀ ਵਧਾਈ ਦਿੱਤੀ। ਇਸ ਮੌਕੇ ਬਾਕੀ ਔਰਤਾਂ ਦੇ ਵਲੋਂ ਵੀ ਹੋਰ ਸਾਰੇ ਪੁਲਿਸ ਅਧਿਕਾਰੀਆਂ ਨੂੰ ਵੀ ਰੱਖੜੀ ਬੰਨੀ ਗਈ। ਇਸ ਮੌਕੇ ਮੈਡਮ ਵਰਿੰਦਰ ਕੌਰ ਥਾਂਦੀ ਰਾਸ਼ਟਰੀ ਮੀਤ ਪ੍ਰਧਾਨ ਬੀ ਜੇ ਪੀ ਮਹਿਲਾ ਮੋਰਚਾ ਨੇ ਕਿਹਾ ਹੈ ਇਸ ਰਾਕਸ਼ਾਂ ਬੰਧਨ ਦੇ ਤਿਉਹਾਰ ਪਿਛੇ ਬਹੁਤ ਪੁਰਾਤਨ ਇਤਿਹਾਸ ਹੈ। ਉਨ੍ਹਾਂ ਕਿਹਾ ਜਦੋਂ ਫੌਜੀ ਭਰਾਂ ਦੇਸ ਦੀ ਖਾਤਿਰ ਲੜਾਈ ਲਈ ਜਾਂਦੇ ਸੀ ਤਾਂ ਭੈਣਾਂ ਆਪਣੇ ਭਰਾਂ ਦੀ ਰੱਖਿਆ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦੀਆਂ ਸੀ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਇਕ ਪੁਰਾਤਨ ਇਤਿਹਾਸ ਇਹ ਵੀ ਹੈ ਕਿ ਇਕ ਰਾਣੀ ਨੇ ਆਪਣੇ ਭਰਾ ਦੇ ਰੱਖੜੀ ਬੰਨ ਕੇ ਆਪਣੀ ਰੱਖਿਆ ਲਈ ਉਨ੍ਹਾਂ ਤੋਂ ਪ੍ਰਣ ਲਿਆ ਸੀ।ਉਨ੍ਹਾਂ ਨੇ ਕਿਹਾ ਅੱਜ ਅਜੋਂਕੇ ਸਮੇਂ ਵਿੱਚ ਔਰਤਾਂ



ਕਾਫੀ ਅੱਗੇ ਮੁਕਾਮ ਤੇ ਹਨ ਵਧੀਆ ਪੜ੍ਹਾਈਆਂ ਕਰਕੇ ਅਫਸਰਾਂ ਵਜੋਂ ਵੱਖ ਵੱਖ ਵਿਭਾਗਾਂ ਵਿਖੇ ਤੈਨਾਤ ਹਨ। ਅੱਜ ਦੇ ਜੁੱਗ ਵਿਚ ਆਪਣੀ ਰੱਖਿਆ ਆਪ ਕਰਨ ਵਿੱਚ ਪੂਰੀ ਤਰ੍ਹਾਂ ਤਿਆਰ ਹਨ ਪਰ ਫਿਰ ਵੀ ਭੈਣਾ ਅਤੇ ਭਰਾਵਾਂ ਦਾ ਹਮੇਸ਼ਾ ਪਿਆਰ ਬਣਿਆ ਰਹੇ ਅਤੇ ਪੁਰਾਤਨ ਇਤਿਹਾਸ ਮੁਤਾਬਕ ਅੱਜ ਇਹ ਦਿਨ ਉਨ੍ਹਾਂ ਵਲੋਂ ਪੁਲਿਸ ਅਧਿਕਾਰੀਆਂ ਨੂੰ ਰਕਸ਼ਾਂ ਬੰਧਨ ਤੇ ਰੱਖੜੀ ਬੰਨ ਕੇ ਮਨਾਇਆ ਗਿਆ। ਉਨ੍ਹਾਂ ਨੇ ਕਿਹਾ ਕਿ ਪੁਲਿਸ ਅਧਿਕਾਰੀ ਹਮੇਸ਼ਾ ਸਾਡੀ ਰੱਖਿਆ ਲਈ ਦਿਨ ਰਾਤ ਡਿਊਟੀਆਂ ਕਰਦੇ ਹਨ ਅਤੇ ਪੂਰੀ ਜਨਤਾ ਦੀ ਰਖਿਆ ਕਰਦੇ ਹਨ। ਉਸੇ ਤਰ੍ਹਾਂ ਔਰਤਾਂ ਨੂੰ ਵੀ ਇਨਸਾਫ਼ ਦਿਵਾਉਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ ਅਤੇ ਸਾਡੀ ਰੱਖਿਆ ਵੀ ਕਰਦੇ ਹਨ। ਉਨ੍ਹਾਂ ਕਿਹਾ ਅਸੀਂ ਅੱਜ ਸਮੂਹ ਮਹਿਲਾਵਾਂ ਵਲੋਂ ਪੁਲਿਸ ਅਧਿਕਾਰੀਆਂ ਦੇ ਰੱਖੜੀ ਬੰਨ੍ਹ ਕੇ ਅੱਜ ਰਕਸ਼ਾਂ ਬੰਧਨ ਤਿਉਹਾਰ ਮਨਾਇਆ। ਇਸ ਮੌਕੇ ਡੀ ਐਸ ਪੀ ਸ਼ਾਮ ਸੁੰਦਰ ਸ਼ਰਮਾ ਨੇ ਹਾਜਰ ਭੈਣਾਂ ਅਤੇ ਸਮੁੱਚੇ ਬਲਾਚੌਰ ਇਲਾਕ ? ਦੇ ਨਿਵਾਸੀਆਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਪੁਲਿਸ ਦਾ ਸਾਰਾ ਸਟਾਫ਼ ਆਮ ਲੋਕਾਂ ਦੀ ਸੁਰਖਿਆ ਲਈ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾ ਰਿਹਾ ਹੈ ਅਤੇ ਮਹਿਲਾਵਾਂ ਨੂੰ ਇਨਸਾਫ ਦਿਵਾਉਣ ਲਈ ਉਹ ਪੂਰੀ ਤਰ੍ਹਾਂ ਨਾਲ ਵਚਨਬੱਧ ਹਨ। ਇਸ ਮੌਕੇ ਉਨ੍ਹਾਂ ਨਾਲ ਭਾਜਪਾ ਮੰਡਲ ਬਲਾਚੌਰ ਪ੍ਰਧਾਨ ਨੰਦ ਕਿਸ਼ੋਰ ਸ਼ਰਮਾ, ਜਿਲ੍ਹਾ ਕੈਸ਼ੀਅਰ ਨਰਿੰਦਰ ਨਾਥ ਸੂਦਨ, ਐਨਆਰਆਈ ਸੈੱਲ ਗੁਰਨਾਮ ਸਿੰਘ ਕਿਸਾਨਾਂ, ਜ਼ਿਲ੍ਹਾ ਜਰਨਲ ਸਕੱਤਰ ਦਿਨੇਸ਼ ਭਾਰਦਵਾਜ, ਆਸ਼ਾ ਮੋਦਗਿਲ, ਕਿਰਨ ਬਾਲਾ ਸੂਦਨ, ਭੋਲੀ, ਮੁਸਕਾਨ ,ਡੌਲੀ,ਐਸ ਐਚ ਓ ਪਰਮਿੰਦਰ ਸਿੰਘ ਥਾਣਾ ਕਾਠਗੜ੍ਹ, ਥਾਣਾ ਪੋਜੇਵਾਲ ਦੇ ਮੁੱਖ ਅਫਸਰ ਪ੍ਰੋਵੀਜ਼ਨਲ ਡੀ ਐਸ ਪੀ ਜਤਿੰਦਰ ਸਿੰਘ ਚੌਹਾਨ, ਡੀਐਸਪੀ ਰੀਡਰ ਵਿਕਰਮਜੀਤ ਸਿੰਘ ਰੋੜੀ, ਹੋਰ ਵੀ ਪੁਲਿਸ ਅਧਿਕਾਰੀ ਸ਼ਾਮਲ ਸਨ।

St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
•56 Colleges & Schools •200 Merit Positions
•125 Companies For Placements
•75 Academic Courses
•2000 Placements In 2022 - 2023
•42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਹੁਣ ਸੂਰਜ ਦੀ ਮੁਹਿੰਮ

ਜਿੱਥੇ ਦੁਨੀਆ ਚੰਦਰਯਾਨ-3 'ਤੇ ਚਰਚਾ 'ਚ ਰੁੱਝੀ ਹੋਈ ਹੈ, ਉਥੇ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਵਿਗਿਆਨੀ ਆਪਣੇ ਆਦਿਤਿਆ ਮਿਸ਼ਨ ਨੂੰ ਅੰਤਿਮ ਛੋਹਾਂ ਦੇਣ 'ਚ ਰੁੱਝੇ ਹੋਏ ਹਨ। ਜੇਕਰ ਸਭ ਕੁਝ ਠੀਕ ਰਿਹਾ ਤਾਂ ਇਸਰੋ ਸੂਰਜ ਦਾ ਅਧਿਐਨ ਕਰਨ ਲਈ 2 ਸਤੰਬਰ ਨੂੰ ਆਦਿਤਿਆ-ਐਲ1 ਲਾਂਚ ਕਰੇਗਾ। ਭਾਰਤ ਵੱਲੋਂ ਕੀਤਾ ਜਾ ਰਿਹਾ ਇਹ ਪਹਿਲਾ ਸੂਰਜ ਅਭਿਆਨ ਹੈ ਅਤੇ ਇਸ ਰਾਹੀਂ ਭਾਰਤ ਸੂਰਜ ਦੇ ਅਧਿਐਨ ਨੂੰ ਅੱਗੇ ਵਧਾਏਗਾ। ਸਦਾ ਚਮਕਦਾ ਸੂਰਜ, ਜਿੱਥੇ ਊਰਜਾ ਦੇ ਲਗਾਤਾਰ ਵਿਸਫੋਟ ਹੁੰਦੇ ਹਨ, ਹਮੇਸ਼ਾ ਰਹੱਸ ਦਾ ਵਿਸ਼ਾ ਰਿਹਾ ਹੈ। ਇਸ ਵੱਡੇ ਪ੍ਰਾਜੈਕਟ ਸੂਰਜਧਰਤੀ ਦੀ ਗਤੀਸ਼ੀਲਤਾ ਅਤੇ ਇਸਦੇ ਨੇੜਲੇ ਮੌਸਮ ਦੀ ਸਮਝ ਵਿੱਚ ਕ੍ਰਾਂਤੀ ਲਿਆ ਸਕਦੀ ਹੈ। ਆਦਿਤਿਆ ਵੀ ਸੂਰਿਆ ਦਾ ਹੀ ਇੱਕ ਨਾਮ ਹੈ, ਇਸ ਲਈ ਇਸ ਨਾਮ ਦੀ ਮੁਹਿੰਮ ਜਾਂ ਗੱਡੀ ਹਰ ਕਿਸੇ ਦੀ ਖਿੱਚ ਦਾ ਕੇਂਦਰ ਬਣ ਜਾਵੇ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੈ। ਇਹ ਮੁਹਿੰਮ ਵਿਸ਼ਵ ਵਿੱਚ ਇੱਕ ਭਾਰਤੀ ਸ਼ਬਦ ਦਾ ਪ੍ਰਚਾਰ ਵੀ ਕਰੇਗੀ ਅਤੇ ਭਾਰਤ ਦੇ ਪੁਲਾੜ ਮਿਸ਼ਨ ਨੂੰ ਸਵਦੇਸ਼ੀ ਬਣਾਵੇਗੀ। ਯੋਜਨਾ ਮੁਤਾਬਕ ਇਹ ਵਾਹਨ ਕੁੱਲ 125 ਦਿਨਾਂ 'ਚ ਸੂਰਜ ਦੇ ਨੇੜੇ ਆਰਬਿਟ 'ਤੇ ਪਹੁੰਚ ਜਾਵੇਗਾ। ਸੂਰਜ ਦੇ ਬਹੁਤ ਨੇੜੇ ਜਾਣ ਬਾਰੇ ਕੋਈ ਸੋਚ ਵੀ ਨਹੀਂ ਸਕਦਾ, ਪਰ ਸੂਰਜ ਦੇ ਨੇੜੇ ਇੱਕ ਸੁਰੱਖਿਅਤ ਆਰਬਿਟ ਹੈ, ਜਿਸ ਤੱਕ ਪਹੁੰਚ ਕੇ ਕੋਈ ਵਾਹਨ ਚੱਕਰ ਲਗਾਉਂਦਾ ਹੈ।1 ਸੂਰਜ ਨੂੰ ਦੇਖ ਸਕਦਾ ਹੈ. ਸੂਰਜ ਦੇ ਨੇੜੇ ਇਹ ਸੁਰੱਖਿਅਤ ਪੰਧ ਧਰਤੀ ਤੋਂ ਲਗਭਗ 15 ਲੱਖ ਕਿਲੋਮੀਟਰ ਦੂਰ ਹੈ।



ਆਦਿਤਿਆ ਪੁਲਾੜ ਯਾਨ ਸੱਤ ਉੱਨਤ ਉਪਯੋਗਤਾ ਯੰਤਰਾਂ ਨਾਲ ਲੈਸ ਹੈ ਜੋ ਸੂਰਜ ਦੀਆਂ ਵੱਖ-ਵੱਖ ਪਰਤਾਂ, ਫੋਟੋਸਫੀਅਰ ਅਤੇ ਕ੍ਰੋਮੋਸਫੀਅਰ ਤੋਂ ਲੈ ਕੇ ਸਭ ਤੋਂ ਬਾਹਰੀ ਪਰਤ, ਕੋਰੋਨਾ ਦੀ ਜਾਂਚ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਦਾ ਇਰਾਦਾ ਸੂਰਜ ਦੇ ਨੇੜੇ ਹੋਣ ਵਾਲੀਆਂ ਸਾਰੀਆਂ ਗਤੀਵਿਧੀਆਂ ਦਾ ਅੰਕੜਾ ਇਕੱਠਾ ਕਰਨਾ ਹੈ, ਤਾਂ ਜੋ ਸੂਰਜ ਦੀ ਕੁੱਲ ਕਿਰਿਆ-ਪ੍ਰਤੀਕਿਰਿਆ ਨੂੰ ਸਮਝਿਆ ਜਾ ਸਕੇ। ਅਸੀਂ ਚਮਕਦੇ ਸੂਰਜ ਨੂੰ ਅੱਖਾਂ ਨਾਲ ਨਹੀਂ ਦੇਖ ਸਕਦੇ, ਪਰ ਭਾਰਤ ਦੇ ਆਦਿਤਿਆ ਯਾਨ ਨੂੰਅੱਖਾਂ ਨਾਲ ਸਿੱਧਾ ਸੰਪਰਕ ਕਰਨ ਦੇ ਯੋਗ। ਇਸ ਵਿਚਲੇ ਚਾਰ ਯੰਤਰ ਸਿਰਫ ਸੂਰਜ ਨੂੰ ਦੇਖਣ ਦਾ ਕੰਮ ਕਰਨਗੇ, ਭਾਵ ਇਸ ਮੁਹਿੰਮ ਦਾ ਮੂਲ ਟੀਚਾ ਸੂਰਜ ਨੂੰ ਨੇੜਿਓਂ ਦੇਖਣਾ ਹੈ। ਸੂਰਜ ਵਿਚ ਭਾਰਤ ਦੀ ਦਿਲਚਸਪੀ ਨੂੰ ਕੁਦਰਤੀ ਤੌਰ 'ਤੇ ਹੀ ਸਮਝਿਆ ਜਾ ਸਕਦਾ ਹੈ। ਭਾਰਤ ਇੱਕ ਅਜਿਹਾ ਦੇਸ਼ ਹੈ, ਜਿੱਥੇ ਸੂਰਜ ਨੂੰ ਦੇਵਤਾ ਮੰਨ ਕੇ ਵਰਤ ਰੱਖਣ ਵਾਲੇ ਲੋਕ ਵੱਡੀ ਗਿਣਤੀ ਵਿੱਚ ਹਨ। ਸੂਰਜ ਨਮਸਕਾਰ ਅਤੇ ਸੂਰਜ ਨੂੰ ਪਾਣੀ ਚੜ੍ਹਾਉਣਾ ਭਾਰਤ ਵਿੱਚ ਰੋਜ਼ਾਨਾ ਦੀ ਰੁਟੀਨ ਦਾ ਹਿੱਸਾ ਹੈ। ਸੂਰਜ ਭਾਰਤੀ ਮਿਥਿਹਾਸ ਵਿੱਚ ਇੱਕ ਪਾਤਰ ਜਾਂ ਪਾਤਰ ਦੇ ਰੂਪ ਵਿੱਚ ਮੌਜੂਦ ਹੈ। ਕੋਈ ਹੈਰਾਨੀ ਨਹੀਂ ਭਾਰਤੀਤੁਸੀਂ ਵਧੇਰੇ ਸ਼ਰਧਾ ਨਾਲ ਸੂਰਜ ਦਾ ਅਧਿਐਨ ਕਰਨ ਦੇ ਯੋਗ ਹੋਵੋਗੇ। ਹੁਣ ਤੱਕ ਸਿਰਫ਼ ਅਮਰੀਕਾ, ਯੂਰਪੀ ਪੁਲਾੜ ਏਜੰਸੀ ਅਤੇ ਜਰਮਨੀ ਨੇ ਹੀ ਸੂਰਜ ਦਾ ਅਧਿਐਨ ਕਰਨ ਲਈ ਮਿਸ਼ਨ ਲਾਂਚ ਕੀਤੇ ਹਨ। ਵੀਹ ਦੇ ਕਰੀਬ ਅਜਿਹੀਆਂ ਮੁਹਿੰਮਾਂ ਹੋ ਚੁੱਕੀਆਂ ਹਨ ਅਤੇ ਇਨ੍ਹਾਂ ਵਿੱਚੋਂ ਸਿਰਫ਼ ਦੋ-ਤਿੰਨ ਮੁਹਿੰਮਾਂ ਹੀ ਅਸਫਲ ਰਹੀਆਂ ਹਨ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਅਜਿਹਾ ਸੋਲਰ ਅਭਿਆਨ ਚਲਾਇਆ ਹੈ, ਜਿਸ 'ਚ ਵਾਹਨ ਨੂੰ ਸੂਰਜ ਤੱਕ ਪਹੁੰਚਣ ਤੋਂ ਬਾਅਦ ਧਰਤੀ 'ਤੇ ਪਰਤਣਾ ਪਿਆ। ਕਿਹਾ ਜਾਂਦਾ ਹੈ ਕਿ ਇਹ ਵਾਹਨ ਸੂਰਜ ਦੇ ਨੇੜੇ ਹਵਾ ਅਤੇ ਕਣਾਂ ਦੇ ਨਾਲ ਵਾਪਸ ਆ ਰਿਹਾ ਸੀ, ਪਰ ਧਰਤੀ 'ਤੇ ਹਮਲਾਵਰ ਲੈਂਡਿੰਗ ਕਾਰਨ ਕੁਝ ਖਾਸ ਤੱਤਾਂ ਨੂੰ ਛੂਹਿਆ ਨਹੀਂ ਗਿਆ ਸੀ। ਇਸ ਲਈ ਇਹ ਅਜੇ ਵੀ ਬਹੁਤ ਵੱਡਾ ਹੈਵਿਗਿਆਨਕ ਚੁਣੌਤੀ ਇਹ ਹੈ ਕਿ ਸੂਰਜ ਦੇ ਨੇੜੇ ਮੌਜੂਦ ਕਣਾਂ ਨੂੰ ਧਰਤੀ 'ਤੇ ਲਿਆ ਕੇ ਉਨ੍ਹਾਂ ਦਾ ਅਧਿਐਨ ਕਿਵੇਂ ਕੀਤਾ ਜਾਵੇ ? ਇਹ ਸੰਭਵ ਹੈ ਕਿ ਇਸਰੋ ਆਉਣ ਵਾਲੇ ਸਾਲਾਂ ਵਿੱਚ ਅਜਿਹਾ ਕਰਨ ਦੇ ਯੋਗ ਹੋ ਜਾਵੇਗਾ. ਭਾਰਤੀ ਵਿਗਿਆਨ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਅੱਜ ਇਸਰੋ ਮੰਗਲ ਅਤੇ ਸ਼ੁੱਕਰ ਗ੍ਰਹਿ 'ਤੇ ਵੀ ਜਾਣ ਦੇ ਸਮਰੱਥ ਹੈ।ਅਦਿੱਤਿਆ ਯਾਨ ਦੀ ਕਾਮਯਾਬੀ ਇਸਰੋ ਦੀ ਪ੍ਰਸਿੱਧੀ ਨੂੰ ਹੋਰ ਵਧਾਏਗੀ।







**ਵਿਜੇ ਗਰਗ ਰਿਟਾਇਰਡ**
**ਪ੍ਰਿੰਸੀਪਲ ਐਜੂਕੇਸ਼ਨਲ**
**ਕਾਲਮਨਵੀਸ ਮਲੋਟ ਪੰਜਾਬ**

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
CONTACT : 95010-00697, 97806-00998

# ਅਧਿਆਪਕ ਦਾ ਦਰਜਾ ਮਾਪਿਆ ਤੋਂ ਵੀ ਉਪਰ



ਮੇਰੇ ਤੀਸਰੀ ਜਮਾਤ ਵਿੱਚ ਪੜ੍ਹਦੇ ਪੁੱਤਰ ਨੂੰ ਨਵਾਂ ਹਿੰਦੀ ਵਿਸ਼ਾ ਲੱਗਿਆ ।ਜਦੋਂ ਮੈਂ ਸਕੂਲ ਦਾ ਕੰਮ ਕਰਵਾਉਂਦੇ ਹੋਏ ਸਵਰ -ਵਿਅੰਜਨ ਲਿਖਵਾ ਰਹੀ ਸੀ ਤਾਂ ਐਕਟੀਵਿਟੀ ਪੇਜ ਤੇ (ਚ) ਚਰਖਾ ਦੀ ਥਾਂ ਤੇ ਮੈਂ ਚਮਚ ਬਣਾਉਣ ਲਈ ਕਿਹਾ ਤਾਂ ਜੋ ਉਹ ਸੌਖਾ ਹੀ ਬਣਾ ਲਵੇ ।ਪਰ ਉਸਨੇ ਮੇਰੇ ਦੱਸੇ ਅਨੁਸਾਰ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਕਹਿਣ ਲੱਗਾ ਕੇ ਮੇਰੇ ਮੈਡਮ ਤਾਂ ਇਸ ਤਰ੍ਹਾਂ ਨਹੀਂ ਕਰਵਾਉਂਦੇ। ਮੈਂ ਉਸ ਨੂੰ ਬਹੁਤ ਸਮਝਾਇਆ ਕਿ ਚ ਚਮਚ ਵੀ ਹੁੰਦਾ ਹੈ ਪਰ ਉਹ ਆਪਣੀ ਜਿੱਦ ਉੱਤੇ ਕਾਇਮ ਸੀ ।ਮੈਂ ਉਸਨੂੰ ਕਿਹਾ ਕਿ ਮੈਂ ਵੀ ਤਾਂ ਅਧਿਆਪਕ ਹਾਂ ਮੈਨੂੰ ਵੀ ਪਤਾ ਹੈ ਪਰ ਉਹ ਕਹਿਣ ਲੱਗਾ ਮੰਮੀ ਥੋਨੂੰ ਹਿੰਦੀ ਨਹੀਂ ਆਉਂਦੀ ।

ਮੈਂ ਸੋਚ ਰਹੀ ਸੀ ਕਿ ਕਿੰਨਾ ਸੋਹਣਾ ਰਿਸ਼ਤਾ ਹੈ ਇਕ ਅਧਿਆਪਕ ਅਤੇ ਵਿਦਿਆਰਥੀ ਦਾ । ਬੱਚੇ ਨੂੰ ਆਪਣੇ ਮਾਪਿਆਂ ਤੋਂ ਵੱਧ ਆਪਣੇ ਅਧਿਆਪਕ ਤੇ ਵਿਸ਼ਵਾਸ ਹੈ ਕਿ ਉਹ ਸਹੀ ਹਨ ।

ਵਿਸ਼ਵਾਸ ਦੀ ਹੀ ਤਾਂ ਗੱਲ ਹੈ ਸਾਰੀ । ਜਿੱਥੇ ਮਾਪੇ ਆਪਣੇ ਬੱਚਿਆਂ ਨੂੰ ਕੁਝ ਸਮੇਂ ਲਈ ਵੀ ਕਿਸੇ ਕੋਲ ਇਕੱਲਾ ਨਹੀਂ ਛੱਡਦੇ ਉੱਥੇ ਇਕ ਅਧਿਆਪਕ ਦੇ ਸਹਾਰੇ ਛੇ ਤੋਂ ਅੱਠ ਘੰਟੇ ਇਕੱਲਾ ਛੱਡ ਦਿੰਦੇ ਹਨ । ਉਹਨਾਂ ਨੂੰ ਪਤਾ ਹੁੰਦਾ ਹੈ ਕਿ ਸਾਡੇ ਬੱਚੇ ਸਹੀ ਹੱਥਾਂ ਵਿੱਚ ਹਨ ।

ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਗੁਰੂ ਨੂੰ ਮਾਪਿਆਂ ਤੋਂ ਪਹਿਲਾਂ ਸਥਾਨ ਦਿੱਤਾ ਹੈ :-

ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ।

ਇਸ ਉੱਚੇ ਸਥਾਨ ਦੀ ਪ੍ਰਾਪਤੀ ਨਾਲ ਸਾਡੇ ਅਧਿਆਪਕਾਂ ਦੇ ਫਰਜ਼ ਹੋਰ ਵੀ ਵਧ ਜਾਂਦੇ ਹਨ ਕਿਉਂਕਿ ਛੋਟੇ ਬੱਚੇ ਆਪਣੇ ਅਧਿਆਪਕ ਤੋਂ ਸਭ ਨਾਲੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਬੱਚੇ ਉਹ ਹੀ ਸਿੱਖਦੇ ਹਨ ਜੋ ਅਸੀਂ ਉਹਨਾਂ ਨੂੰ ਸਿਖਾਉਂਦੇ ਹਾਂ ।ਉਹ ਤਾਂ ਕੱਚੀ ਮਿੱਟੀ ਹਨ ਜਿਵੇਂ ਮਰਜ਼ੀ ਉਨ੍ਹਾਂ ਨੂੰ ਢਾਲ ਲਵੋ ।ਬਚਪਨ ਵਿੱਚ ਸਿੱਖੀਆਂ ਗੱਲਾਂ ,ਬਚਪਨ ਵਿੱਚ ਸਿੱਖੀ ਸ਼ਬਦਾਵਲੀ ਸਾਰੀ ਉਮਰ ਉਨ੍ਹਾਂ ਦੇ ਨਾਲ ਰਹਿੰਦੀ ਹੈ ।

ਹੁਣ ਜਿੱਥੇ ਅਧਿਆਪਕ ਦਾ ਕਰਤੱਵ ਵਿਦਿਆਰਥੀਆਂ ਨੂੰ ਸਹੀ ਗਿਆਨ ਦੇਣਾ ਹੈ ਉੱਥੇ ਹੀ ਵਿਦਿਆਰਥੀਆਂ ਦਾ ਵੀ ਕਰਤੱਵ ਬਣਦਾ ਹੈ ਉਹ ਆਪਣੇ ਅਧਿਆਪਕ ਦਾ ਪੂਰਾ ਆਦਰ ਸਤਿਕਾਰ ਕਰੇ ,ਅਨੁਸ਼ਾਸਨ ਵਿਚ ਰਹੇ ਨਿਮਰਤਾ ਧਾਰਨ ਕਰੇ ।

ਅਧਿਆਪਕ ਜੇ ਝਿੜਕ ਵੀ ਦੇਵੇ ਤਾਂ ਉਸ ਦਾ ਗੁੱਸਾ ਨਾ ਮੰਨੇ ਕਿਉਂਕਿ ਉਹ ਤੁਹਾਡੇ ਮਾਪਿਆਂ ਵਾਂਗ ਤੁਹਾਡਾ ਭਲਾ ਹੀ ਚਾਹੁੰਦਾ ਹੈ । ਗੁਰਬਾਣੀ ਵਿੱਚ ਵੀ ਵਾਰ ਵਾਰ-ਵਾਰ ਗੁਰੂ ਦਾ ਦਰਜ਼ਾ ਸਭ ਤੋਂ ਉੱਚਾ ਦੱਸਿਆ ਗਿਆ ਹੈ । ਜੇਕਰ ਵਿਦਿਆਰਥੀ ਨੇ ਗਿਆਨ ਪ੍ਰਾਪਤ ਕਰਨਾ ਹੈ ਤਾਂ ਨਿਮਰਤਾ ਧਾਰਨ ਕਰਨੀ ਪਵੇਗੀ ਕਿਉਂਕਿ ਜੇਕਰ ਬਰਤਨ ਵਿੱਚ ਵੀ ਕੁੱਝ ਪਵਾਉਣਾ ਹੁੰਦਾ ਹੈ ਤਾਂ ਉਸਨੂੰ ਨੀਵਾਂ ਕਰਨਾ ਪੈਂਦਾ ਹੈ ।

ਸੋ ਅਧਿਆਪਕ ਦਿਵਸ ਤੇ ਮੈਂ ਤਾਂ ਇਹ ਹੀ ਕਹਿਣਾ ਚਾਹੁੰਦੀ ਹਾਂ ਕਿ ਪਰਮਾਤਮਾ ਨੇ ਅਧਿਆਪਕ ਨੂੰ ਸਭ ਤੋਂ ਸੋਹਣਾ ਕਿੱਤਾ ਬਖਸ਼ਿਸ਼ ਕੀਤਾ ਹੈ ਵਿਦਿਆਰਥੀਆਂ ਦੇ ਭਵਿੱਖ ਬਣਾਉਣ ਦਾ ।

ਆਓ ਆਪਣੇ ਕਿੱਤੇ ਦਾ ਫਰਜ਼ ਨਿਭਾਈਏ ਵਿਦਿਆਰਥੀ ਵੀ ਆਪਣੇ ਅਧਿਆਪਕਾਂ ਨੂੰ ਮਾਪਿਆਂ ਵਾਂਗ ਪੂਰਾ ਮਾਣ ਸਤਿਕਾਰ ਦੇਣ।

**ਹਰਦੀਪ ਕੌਰ ਛਾਜਲੀ**
**ਜ਼ਿਲ੍ਹਾ ਸੰਗਰੂਰ**
+91 84273 60033

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹਾ ਕਚਹਿਰੀਆਂ ਗੁਰਦਾਸਪੁਰ ਦੀਆਂ ਮਹਿਲਾ ਕਰਮਚਾਰੀਆਂ/ਅਧਿਕਾਰੀਆਂ ਲਈ ਜਾਗਰੁਕਤਾ ਪ੍ਰੋਗਰਾਮ ਕਰਵਾਇਆ ਗਿਆ



**ਲੋਕ ਬਾਣੀ/ ਗੁਰਦਾਸਪੁਰ, 29 ਅਗਸਤ (ਨਵਨੀਤ ਕੁਮਾਰ)**

ਸ੍ਰੀ ਰਜਿੰਦਰ ਅਗਰਵਾਲ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ, ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਸ੍ਰੀ ਸੁਮਿੱਤ ਭੱਲਾ, ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐੱਮ. ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੈਡਮ ਮੀਨਾ ਮਹਾਜਨ, ਪੈਨਲ ਐਡਵੋਕੇਟ ਵੱਲੋਂ ਜ਼ਿਲ੍ਹਾ ਕਚਹਿਰੀਆਂ ਵਿਖੇ ਕੰਮ ਕਰ ਰਹੀਆਂ ਸਮੂਹ ਮਹਿਲਾ ਕਰਮਚਾਰੀਆਂ/ ਅਧਿਕਾਰੀਆਂ ਲਈ ਜਾਗਰੁਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਜਾਗਰੁਕਤਾ ਪ੍ਰੋਗਰਾਮ ਦੌਰਾਨ ਮੈਡਮ ਮੀਨਾ ਮਹਾਜਨ, ਪੈਨਲ ਐਡਵੋਕੇਟ ਦੁਆਰਾ ਹਾਜਰ ਸਮੂਹ ਮਹਿਲਾ ਅਧਿਕਾਰੀਆਂ/ ਕਰਮਚਾਰੀਆਂ ਨੂੰ ਮਾਣਯੋਗ ਸੁਪਰੀਮ ਕੋਰਟ ਜੀਆਂ ਦੀਆਂ ਹਦਾਇਤਾਂ ਅਨੁਸਾਰ ਸਿਵਲ ਅਪੀਲ ਨੰਬਰ 2482 ਆਫ 2014 ਟਾਈਟਲਡ ਐਜ ਓਰੇਲੀਐਨੋ ਫਰਨਾਂਡੇਜ਼ ਬਨਾਮ ਸਟੇਟ ਆਫ ਗੋਆ ਐਂਡ ਅਦਰਜ਼ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਇਸ ਦੇ ਨਾਲ ਹੀ ਸੈਕਸੂਅਲ ਹਰਾਸਮੈਂਟ ਆਫ ਵੂਮੈਨ ਐਟ ਵਰਕਪਲੇਸ (ਪ੍ਰਵੈਨਸ਼ਨ, ਪ੍ਰੋਹੀਬੀਏਸ਼ਨ ਐਂਡ ਰੀਡਰੱਸਲ) ਐਕਟ 2013 ਸਬੰਧੀ ਵੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਇਸ ਜਾਗਰੁਕਤਾ ਪ੍ਰੋਗਰਾਮ ਦੌਰਾਨ ਜ਼ਿਲ੍ਹਾ ਕਚਹਿਰੀਆਂ, ਗੁਰਦਾਸਪੁਰ ਦੀਆਂ ਲਗਭਗ 32 ਮਹਿਲਾ ਕਰਮਚਾਰੀਆਂ /ਅਧਿਕਾਰੀਆਂ ਵੱਲੋਂ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ ਗਿਆ।



publisher/chief Editor
**Aman Mehra**
lok bani (news Paper)
lokbani08@gmail.com
www.lokbani.com
**mob:99155-94111**

**Head Office:**
**Lokbani Sangam complex,Milap chowk jalandhar**
**Mob. 99155-94111**

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
**RNI. PUNPUN/29016/2008**

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
**RNI. PUNPUN/29016/2008**

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
**RNI. PUNPUN/29016/2008**

